ਪੰਜਾਬੀ PUNJABI PUNJABI

# 2006 ਮਰਦਮਸ਼ੁਮਾਰੀ ਪ੍ਰਸ਼ਨ

# ਅਤੇ ਪ੍ਰਸ਼ਨ ਪੁੱਛੇ ਜਾਣ ਦੇ ਕਾਰਣ

Statistics Canada Statistique Canada

Canada

# ਜਾਣ-ਪਛਾਣ

ਕੈਨੇਡਾ ਦੀ ਅਗਲੀ ਮਰਦਮਸ਼ੁਮਾਰੀ ਮਈ 16, 2006 ਨੂੰ ਹੋਵੇਗੀ। 300 ਸਾਲਾਂ ਤੋਂ ਵੀ ਵੱਧ ਮਰਦਮਸ਼ੁਮਾਰੀ ਇੱਕ ਤਸਵੀਰ ਨੂੰ ਚਿੱਤਰ ਰਹੀ ਹੈ ਕਿ ਅਸੀਂ ਇੱਕ ਕੌਮ ਵਜੋਂ ਕੀ ਹਾਂ ਅਤੇ ਬਰਾਦਰਿਆਂ ਜਿਥੇ ਅਸੀਂ ਰਹਿੰਦੇ ਹਾਂ, ਕੀ ਹਨ। 16 ਮਈ ਨੂੰ ਇਕੱਠੀ ਕੀਤੀ ਮਰਦਮਸ਼ੁਮਾਰੀ ਜਾਣਕਾਰੀ ਦੀ ਵਰਤੋਂ ਬਰਾਦਰੀ ਜੁੱਟਾਂ, ਨਿਗਮਾਂ ਅਤੇ ਸਰਕਾਰਾਂ ਦੁਆਰਾ ਵਿਦਿਆ ਅਤੇ ਸਿਖਲਾਈ, ਨਵੇਂ ਉਪਜ ਅਤੇ ਸੇਵਾਵਾਂ, ਬਜੁਰਗਾਂ ਲਈ ਘਰ, ਸੇਹਤ ਦੇਖਭਾਲ ਸੇਵਾਵਾਂ ਅਤੇ ਹੋਰ ਕਈ ਪ੍ਰੋਗਰਾਮ ਜੋ ਸਾਡੇ ਸਾਰੇਆਂ ਲਈ ਮਹੱਤਵ-ਪੂਰਨ ਹਨ, ਦੀ ਯੋਜਨਾਵਾਂ ਪੁੰਗਾਰਣ ਲਈ ਕੀਤੀ ਜਾਵੇਗੀ।

ਇਹ ਪਹਿਲੀ ਵਾਰ ਹੈ ਕਿ ਉੱਤਰਦਾਇਕ ਆਪਣੀ 2006 ਮਰਦਮਸ਼ੁਮਾਰੀ ਪ੍ਰਸ਼ਨਾਵਲੀ ਨੂੰ ਇੰਟਰਨੈੱਟ ਰਾਹੀਂ ਆਨ-ਲਾਈਨ ਜਾਂ ਕਾਗਜ਼ ਤੇ ਭਰ ਸਕਦੇ ਹਨ।

## ਭਾਗ 1

ਇਸ ਕਿਤਾਬੜੀ ਦੇ ਪਹਿਲੇ ਭਾਗ ਵਿੱਚ 2006 ਮਰਦਮਸ਼ੁਮਾਰੀ ਦੀ ਲੰਮੀ-ਫ਼ਾਰਮ ਪ੍ਰਸ਼ਨਾਵਲੀ ਵਿੱਚ 53 ਪ੍ਰਸ਼ਨ ਸ਼ਾਮਲ ਹਨ ਜਿਸ ਨੂੰ 20% ਅਬਾਦੀ ਦੁਆਰਾ ਭਰਿਆ ਜਾਵੇਗਾ। ਨਿੱਕੀ-ਫ਼ਾਰਮ ਪ੍ਰਸ਼ਨਾਵਲੀ ਵਿੱਚ 8 ਪ੍ਰਸ਼ਨ ਹਨ - ਲੰਮੀ ਪ੍ਰਸ਼ਨਾਵਲੀ ਤੋਂ ਪਹਿਲੇ ਛੇ ਪ੍ਰਸ਼ਨ ਤੇ ਪ੍ਰਸ਼ਨ 16 ਅਤੇ 53।

## ਭਾਗ 2

ਭਾਗ 2 ਸਟੇਟਿਸਟਿਕਸ ਕੈਨੇਡਾ ਦੇ ਪੁੱਛੇ ਪ੍ਰਸ਼ਨਾਂ ਦੇ ਕਾਰਣਾਂ ਅਤੇ ਪ੍ਰਸ਼ਨਾਂ ਵਜੋਂ ਮਿਲੇ ਲੁੜੀਂਦੇ ਮਹੱਤਵ-ਪੂਰਨ ਅੰਕਿਕ ਜ਼ਰੂਰਤਾਂ ਨੂੰ ਜ਼ਾਹਰ ਕਰਦਾ ਹੈ।

ਜੇ 2006 ਮਰਦਮਸ਼ੁਮਾਰੀ ਜਾਂ ਸਮਵਰਤੀ ਖੇਤੀ-ਬਾੜੀ ਦੀ ਸ਼ੁਮਾਰੀ ਬਾਰੇ ਤੁਹਾਡੇ ਕੋਈ ਪ੍ਰਸ਼ਨ ਹਨ ਤਾਂ ਕਿਰਪਾ ਕਰਕੇ ਆਪਣੇ ਨੇੜੇ ਦੇ ਸਟੇਟਿਸਟਿਕਸ ਕੈਨੇਡਾ ਦੇ ਦਫ਼ਤਰ ਨੂੰ ਕਾਲ ਕਰੋ ਜਾਂ ਲਿਖੋ। ਪਤੇ ਅਤੇ ਫ਼ੋਨ ਨੰਬਰ ਅਗਲੇ ਸਫ਼ੇ ਤੇ ਸੂਚੀਬੱਧ ਹਨ।

# ਭਾਗ 1

# 2006 ਮਰਦਮਸ਼ੁਮਾਰੀ ਪ੍ਰਸ਼ਨ

# 2006 ਮਰਦਮਸ਼ੁਮਾਰੀ ਪ੍ਰਸ਼ਨ

## ਕਦਮ ੳ

## ਭਰਨ ਉਪਰੰਤ ਗੁਪਤ

**2. ਆਪਣਾ ਟੈਲੀਫ਼ੋਨ ਨੰਬਰ ਮੋਟੇ ਅੱਖਰਾਂ ਵਿੱਚ ਲਿਖੋ:**

ਏਰੀਆ ਕੋਡ ______ ਟੈਲੀਫ਼ੋਨ ਨੰਬਰ ______ ______

**3. ਇਸ ਟੋਟੇ ਨੂੰ ਭਰੋ ਜੇ ਉਤਾਹਾਂ ਪਤੇ ਦੀ ਥਾਂ ਤੇ ਕੋਈ ਪਤਾ ਨਹੀਂ ਛਪਿਆ ਜਾਂ ਜੇ ਮਈ 16, 2006 ਨੂੰ ਤੁਸੀਂ ਕੋਈ ਵੱਖਰੇ ਪਤੇ ਤੇ ਰਹੇ।**

ਨੰਬਰ ਅਤੇ ਗਲੀ ਜਾਂ ਲਾਟ ਅਤੇ ਕਨਸੈਸ਼ਨ ______

ਅਪਾਰਟਮੈਂਟ ਨੰਬਰ ______

ਸ਼ਹਿਰ, ਮਿਊਨਿਸਪੈਲਟੀ, ਕਸਬਾ, ਪਿੰਡ, ਇੰਡੀਅਨ ਰਿਜ਼ਰਵ ______

ਸੂਬਾ/ਰਾਜ-ਖੇਤਰ ______

ਪੋਸਟਲ ਕੋਡ

______ ______

---

## 1. ਕਦਮ ਅ ਵਿੱਚ ਕਿਸ ਨੂੰ ਸ਼ਾਮਲ ਕਰੋ

- **ਹਰ ਵਿਅਕਤੀ ਨੂੰ ਜੋ ਆਮ ਤੌਰ ਤੇ ਇਸ ਪਤੇ ਤੇ ਰਹਿੰਦਾ ਹੈ**, ਨਵੇਂ ਜੰਮੇ ਬੱਚੇ ਅਤੇ ਕਮਰੇ ਵਿੱਚ ਰਹਿਣ ਵਾਲੇ ਸਾਥਿਆਂ ਸਮੇਤ;
- **ਵਿਦਿਆਰਥੀ** ਜੋ ਸਾਲ ਦੌਰਾਨ ਮਾਪੇਆਂ ਨਾਲ ਰਹਿਣ ਲਈ ਪਰਤਦੇ ਹਨ, ਓਹਨਾਂ ਨੂੰ ਮਾਪੇਆਂ ਦੇ ਪਤੇ ਤੇ ਸ਼ਾਮਲ ਹੋਣਾ ਚਾਹੀਦਾ ਹੈ, ਚਾਹੇ ਓਹ ਸਕੂਲ ਜਾਣ ਵਜੋਂ ਜਾਂ ਗਰਮਿਆਂ ਦੀ ਰੁਤ ਵਿੱਚ ਨੌਕਰੀ ਕਾਰਣ ਕਿਧਰੇ ਹੋਰ ਕਿਉਂ ਨਾ ਰਹਿੰਦੇ ਹੋਣ;
- **ਸਾਂਝੀ ਸੰਭਾਲ ਵਿੱਚ ਬੱਚੇ** ਜੋ ਵਧੇਰੇ ਸਮਾਂ ਏਥੇ ਰਹਿੰਦੇ ਹਨ। ਓਹ ਬੱਚੇ ਜੋ ਬਰਾਬਰ ਦਾ ਸਮਾਂ ਦੋਹਾਂ ਮਾਪੇਆਂ ਕੋਲ ਵੱਖ ਵੱਖ ਥਾਂਵਾ ਤੇ ਬਿਤਾਉਂਦੇ ਹਨ ਓਹ ਉਸ ਘਰ ਵਿੱਚ ਦਰਜ ਹੋਣੇ ਚਾਹੀਦੇ ਹਨ ਜਿੱਥੇ ਓਹ ਮਈ 16, 2006 ਨੂੰ ਰਹਿ ਰਹੇ ਹੋਣ;
- **ਪਤੀ/ਪਤਨੀ ਜਾਂ ਰਿਵਾਜੀ ਕਨੂੰਨ ਸਾਥੀ ਜੋ ਕਿਸੇ ਹੋਰ ਥਾਂ ਰਹਿੰਦੇ ਹੋਣ** ਨੌਕਰੀ ਜਾਂ ਪੜ੍ਹਾਈ ਕਰਕੇ ਪਰ ਸਮੇਂ ਸਮੇਂ ਇਥੇ ਵਾਪਸ ਆਉਂਦੇ ਹੋਣ;
- **ਉਤਰੇ ਆਵਾਸੀ** ਜੋ ਆਮ ਤੌਰ ਤੇ ਇਸ ਪਤੇ ਤੇ ਰਹਿੰਦੇ ਹੋਣ;
- **ਰਿਫ਼ਿਊਜੀ ਸਟੇਟਸ** ਦਾ ਦਾਅਵਾ ਕਰ ਰਹੇ ਵਿਅਕਤੀ ਅਤੇ ਏਥੇ ਓਹਨਾਂ ਨਾਲ ਰਹਿ ਰਹੇ ਪਰਵਾਰ ਦੇ ਮੈਂਬਰ;
- **ਕਿਸੇ ਹੋਰ ਦੇਸ਼ ਤੋਂ ਕੋਈ ਕੰਮ ਜਾਂ ਵਿਦਿਆਰਥੀ ਆਗਿਆ ਪੱਤਰ ਨਾਲ ਆਏ ਵਿਅਕਤੀ** ਅਤੇ ਏਥੇ ਓਹਨਾਂ ਨਾਲ ਰਹਿ ਰਹੇ ਪਰਵਾਰ ਦੇ ਮੈਂਬਰ;
- **ਵਿਅਕਤੀ** ਜੋ ਆਮ ਤੌਰ ਤੇ ਏਥੇ ਰਹਿੰਦੇ ਹਨ ਪਰ ਹੁਣ **ਕਿਸੇ ਸੰਸਥਾ ਵਿੱਚ** ਹਨ (ਜਿਵੇਂ ਬਜ਼ੁਰਗਾਂ ਲਈ ਘਰ, ਕੋਈ ਹਸਪਤਾਲ, ਜਾਂ ਕੋਈ ਜੇਲ੍ਹ), **ਜੇ ਓਹ ਓਥੇ ਛੇ ਮਹੀਨੇ ਤੋਂ ਘੱਟ ਰਹੇ ਹੋਣ;**
- **ਵਿਅਕਤੀ** ਜੋ ਮਈ 16, 2006 ਨੂੰ ਏਥੇ ਰਹਿ ਰਹੇ ਹੋਣ, **ਜਿਨ੍ਹਾਂ ਦਾ ਹੋਰ ਕਿਤੇ ਕੋਈ ਘਰ ਨਾ ਹੋਵੇ।**

## 2. ਕਦਮ ਅ ਵਿੱਚ ਸ਼ਾਮਲ ਨਾ ਕਰੋ:

- ਵਿਅਕਤੀ ਜਿਨ੍ਹਾਂ ਦਾ **ਘਰ ਕੈਨੇਡਾ ਵਿੱਚ ਕਿਸੇ ਹੋਰ ਪਤੇ ਤੇ ਹੈ** ਅਤੇ ਜੋ ਏਥੇ ਕੇਵਲ ਆਰਜ਼ੀ ਤੌਰ ਤੇ ਰਹਿ ਰਹੇ ਹੋਣ (ਉਦਾਹਰਣ ਲਈ, ਮਿਲਣ ਆਏ ਹੋਏ ਵਿਅਕਤੀ ਜਾਂ ਜਿਨ੍ਹਾਂ ਦਾ ਦੂਸਰਾ ਰਹਿਣ ਸਥਾਨ ਏਥੇ ਇਸ ਪਤੇ ਤੇ ਹੋਵੇ);
- ਕੈਨੇਡਾ ਨੂੰ **ਸੈਰ ਲਈ ਆਏ** ਕਿਸੇ ਹੋਰ ਦੇਸ਼ ਦੇ ਵਾਸੀ (ਉਦਾਹਰਣ ਲਈ, ਕਾਰ-ਵਿਹਾਰ ਦੇ ਦੌਰੇ ਤੇ ਜਾਂ ਛੁੱਟਿਆਂ ਤੇ);
- ਕਿਸੇ ਹੋਰ ਦੇਸ਼ ਦੇ ਸਰਕਾਰੀ ਪ੍ਰਤਿਨਿਧੀ ਅਤੇ ਓਹਨਾਂ ਦੇ ਪਰਵਾਰ ਦੇ ਮੈਂਬਰ।

## 3. ਜੇਕਰ ਕਦਮ ਅ ਵਿੱਚ ਸ਼ਾਮਲ ਕਰਨ ਲਈ ਕੋਈ ਵੀ ਨਹੀਂ

○ ਜੇਕਰ **ਸਭ** ਵਿਅਕਤੀ ਇਸ ਪਤੇ ਤੇ ਮਈ 16, 2006 ਨੂੰ ਰਹਿ ਰਹੇ ਹਨ, ਆਮ ਤੌਰ ਤੇ ਕੈਨੇਡਾ ਵਿੱਚ ਹੋਰ ਕਿਤੇ ਰਹਿੰਦੇ ਹਨ ਜਾਂ ਸੈਰ ਕਰਣ ਲਈ ਆਏ ਹਨ ਜਾਂ ਕਿਸੇ ਹੋਰ ਦੇਸ਼ ਦੇ ਸਰਕਾਰੀ ਪ੍ਰਤਿਨਿਧੀ ਹਨ, ਇਸ ਗੋਲੇ ਵਿੱਚ ਨਿਸ਼ਾਨ ਲਗਾਓ।

→ ਕਿਰਪਾ ਕਰਕੇ ਹੇਠਾਂ ਆਪਣਾ ਨਾਮ ਅਤੇ ਆਪਣਾ ਟੈਲੀਫ਼ੋਨ ਨੰਬਰ ਮੋਟੇ ਅੱਖਰਾਂ ਵਿੱਚ ਲਿਖੋ। ਇਸ ਪ੍ਰਸ਼ਨਾਵਲੀ ਨੂੰ ਨਾ ਭਰੋ। ਨਾਲ ਭੇਜੇ ਹੋਏ ਡਾਕ ਟਿਕਟ ਲਗੇ ਲਫਾਫ਼ੇ ਵਿੱਚ ਪਾ ਕੇ ਡਾਕ ਰਾਹੀਂ ਭੇਜ ਦਿਓ।

→ ਪਰਵਾਰਕ ਨਾਮ ________________ ਸ਼ੁਭ ਨਾਮ ________________

→ ਏਰੀਆ ਕੋਡ ________ ਟੈਲੀਫ਼ੋਨ ਨੰਬਰ ________ ________

## ਕਦਮ ਅ

1. **ਤੁਹਾਡੇ ਸਮੇਤ, ਆਮ ਤੌਰ ਤੇ ਇਸ ਪਤੇ ਤੇ ਮਈ 16, 2006 ਨੂੰ ਕਿਤਨੇ ਵਿਅਕਤੀ ਰਹਿੰਦੇ ਹਨ?** *ਸਾਰੇ ਓਹ ਵਿਅਕਤੀ ਸ਼ਾਮਲ ਕਰੋ ਜੋ ਆਮ ਤੌਰ ਤੇ ਏਥੇ ਰਹਿੰਦੇ ਹਨ ਚਾਹੇ ਓਹ ਥੋੜੇ ਸਮੇਂ ਲਈ ਬਾਹਰ ਗਏ ਹੋਏ ਹਨ।*

   __________

2. **ਆਪਣੇ ਸਮੇਤ ਸਭ ਵਿਅਕਤਿਆਂ ਦੇ ਨਾਮ ਵੱਡੇ ਅੱਖਰਾਂ ਨਾਲ ਹੇਠਾਂ ਸੂਚੀ ਵਿੱਚ ਲਿਖੋ ਜੋ ਆਮ ਤੌਰ ਤੇ ਏਥੇ ਰਹਿੰਦੇ ਹਨ।** *ਸੂਚੀ ਦਾ ਅਰੰਭ ਕੋਈ ਬਾਲਗ ਨਾਲ ਕਰੋ, ਜੇ ਲਾਗੂ ਹੁੰਦਾ ਹੋਵੇ, ਤਾਂ ਅਗਲਾ ਨਾਮ ਇਸ ਵਿਅਕਤੀ ਦੀ* ***ਪਤਨੀ ਜਾਂ ਪਤੀ*** *ਜਾਂ* ***ਰਿਵਾਜੀ-ਕਨੂੰਨ ਸਾਥੀ*** *ਦਾ ਲਿਖੋ ਅਤੇ ਫ਼ਿਰ ਓਹਨਾਂ ਦੇ ਬੱਚੇ ਜੋ ਆਮ ਤੌਰ ਤੇ ਏਥੇ ਰਹਿੰਦੇ ਹਨ। ਇਸ ਤੋਂ ਬਾਦ ਓਹਨਾਂ ਸਭ ਵਿਅਕਤਿਆਂ ਦੇ ਨਾਮ ਲਿਖੋ ਜੋ ਆਮ ਤੌਰ ਤੇ ਏਥੇ ਰਹਿੰਦੇ ਹਨ।*

| | ਪਰਵਾਰਕ ਨਾਮ | ਸ਼ੁਭ ਨਾਮ |
|---|---|---|
| ਵਿਅਕਤੀ 1 | | |
| ਵਿਅਕਤੀ 2 | | |
| ਵਿਅਕਤੀ 3 | | |
| ਵਿਅਕਤੀ 4 | | |
| ਵਿਅਕਤੀ 5 | | |
| ਵਿਅਕਤੀ 6 | | |
| ਵਿਅਕਤੀ 7 | | |
| ਵਿਅਕਤੀ 8 | | |
| ਵਿਅਕਤੀ 9 | | |
| ਵਿਅਕਤੀ 10 | | |

## ਕਦਮ ੲ

**ਕੀ ਤੁਸੀਂ ਕਦਮ ਅ ਵਿੱਚ ਕੋਈ ਨਾਮ ਇਸ ਲਈ ਛੱਡ ਦਿਤਾ ਹੈ ਕਿਉਂਕਿ ਤੁਹਾਨੂੰ ਪੱਕਾ ਨਿਸਚਾ ਨਹੀਂ ਸੀ ਕਿ ਇਸ ਵਿਅਕਤੀ ਦਾ ਨਾਮ ਲਿਖਣਾ ਚਾਹੀਦਾ ਸੀ ਜਾਂ ਨਹੀਂ?**

*ਉਦਾਹਰਣ ਲਈ:*

- *ਇਸ ਪਤੇ ਤੇ ਰਹਿ ਰਹੇ ਵਿਅਕਤੀ ਦਾ ਇਕ ਹੋਰ ਘਰ ਹੈ;*
- *ਵਿਅਕਤੀ ਥੋੜ੍ਹੇ ਸਮੇਂ ਲਈ ਬਾਹਰ ਗਿਆ ਹੈ।*

❍ ਨਹੀਂ

❍ ਹਾਂ ➔ ਨਾਮ, ਰਿਸ਼ਤਾ ਤੇ ਕਾਰਣ ਸਪਸ਼ਟ ਕਰਕੇ ਲਿਖੋ।

ਨਾਮ (ਨਾਵੇਂ) ______________________________

______________________________

ਰਿਸ਼ਤਾ / ______________________________

ਕਾਰਣ ______________________________

---

## ਕਦਮ ਸ

**1.** **ਕਦਮ ਅ ਦੀ ਸੂਚੀ ਵਿੱਚ ਕੀ ਕੋਈ ਖੇਤ ਵਿੱਚ ਕੰਮ ਕਰਣ ਵਾਲਾ ਹੈ ਜੋ ਵਿਕਰੀ ਕਰਣ ਦੇ ਇਰਾਦੇ ਨਾਲ ਘੱਟੋ ਘੱਟ ਇੱਕ ਜ਼ਿੰਮੀਦਾਰਾ ਉਪਜ ਉਪਜਾਏ?** (ਫ਼ਸਲਾਂ, ਡੰਗਰ-ਢੋਰ, ਦੁੱਧ, ਮੁਰਗੇ-ਮੁਰਗੀਆਂ, ਆਂਡੇ, ਸਬਜ਼-ਘਰ ਜਾਂ ਪੋਦ-ਕਿਆਰੀ ਉਪਜ, ਕ੍ਰਿਸਮਸ ਦਰੱਖ਼ਤ, ਘਾਹੀ ਤਹਿ, ਸ਼ਹਿਦ, ਮਧੂ-ਮੱਖਿਆਂ, ਮੇਪਲ ਸ਼ੀਰਾ ਉਪਜ, ਪਸ਼ਮ ਆਦਿ।

❍ ਨਹੀਂ ➔ **ਕਦਮ ਹ ਤੇ ਜਾਓ**

❍ ਹਾਂ

**2.** **ਕੀ ਇਹ ਖੇਤ ਵਿੱਚ ਕੰਮ ਕਰਣ ਵਾਲਾ ਹਰ ਰੋਜ਼ ਖੇਤ ਦੇ ਪ੍ਰਬੰਧ ਸਬੰਧੀ ਫ਼ੈਸਲੇ ਕਰਦਾ ਹੈ?**

❍ ਨਹੀਂ

❍ ਹਾਂ

---

## ਕਦਮ ਹ

**ਸਫ਼ੇ 4 ਦੇ ਅਰੰਭ ਵਿੱਚ ਕਦਮ ਅ ਵਿੱਚ ਦਿਤੇ ਨਾਵਾਂ ਨੂੰ ਦੁਬਾਰਾ ਪ੍ਰਸ਼ਨ 1 ਵਿੱਚ ਲਿਖੋ।**
**ਉਹੀਓ ਤਰਤੀਬ ਰੱਖੋ।**

---

**1.** **ਨਾਮ**

ਦਿਤੀ ਗਈ ਥਾਂ ਵਿੱਚ, **ਕਦਮ ੳ** ਵਿੱਚ ਲਿਖੇ ਨਾਵਾਂ ਦੀ ਨਕਲ ਉਹੀਓ ਤਰਤੀਬ ਅਨੁਸਾਰ ਕਰੋ। ਫ਼ਿਰ **ਹਰ** ਵਿਅਕਤੀ ਲਈ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ।

**ਵਿਅਕਤੀ 1**

ਪਰਵਾਰਕ ਨਾਮ

______________________________

ਸ਼ੁਭ ਨਾਮ

______________________________

---

**2.** **ਲਿੰਗ**

❍ ਪੁਰਖ
❍ ਇਸਤਰੀ

---

**3.** **ਜਨਮ ਤਰੀਕ**

| | ਦਿਨ | ਮਹੀਨਾ | ਸਾਲ |
|---|---|---|---|
| *ਉਦਾਹਰਣ:* | ***1 3*** | ***0 2*** | ***1 9 5 0*** |

*ਜੇ ਸਹੀ ਤਰੀਕ ਦਾ ਗਿਆਨ ਨਹੀਂ ਹੈ ਤਾਂ ਸਭ ਤੋਂ ਚੰਗੇ ਅੰਦਾਜ਼ੇ ਅਨੁਸਾਰ ਲਿਖੋ।*

ਜਨਮ ਤਰੀਕ:

| ਦਿਨ | ਮਹੀਨਾ | ਸਾਲ |
|---|---|---|
| ________ | ________ | ____________ |

---

**4.** ਵਿਆਹਕ ਦਰਜਾ

ਕੇਵਲ ਇਕ ਗੋਲੇ ਵਿੱਚ ਚਿੰਨ੍ਹ ਲਗਾਓ।

❍ ਕਨੂੰਨੀ ਸ਼ਾਦੀ ਕਦੀ ਨਹੀਂ ਕਰਾਈ (ਇਕੱਲੇ)
❍ ਕਨੂੰਨਨ ਸ਼ਾਦੀ-ਸ਼ੁਦਾ (ਵੱਖਰੇ ਨਹੀਂ)
❍ ਵੱਖਰੇ, ਪਰ ਕਨੂੰਨੀ ਤੌਰ ਤੇ ਅਜੇ ਵੀ ਸ਼ਾਦੀ-ਸ਼ੁਦਾ
❍ ਤਲਾਕਸ਼ੁਦਾ
❍ ਵਿਧਵਾ/ਰੰਡਾ

---

**5.** **ਕੀ ਇਹ ਵਿਅਕਤੀ ਰਿਵਾਜ਼ੀ-ਕਨੂੰਨ (ਕਾਮਨ-ਲਾਅ) ਸਾਥੀ ਨਾਲ ਰਹਿ ਰਿਹਾ/ਰਹੀ ਹੈ?**

***ਰਿਵਾਜੀ ਕਨੂੰਨ*** *ਤੋਂ ਭਾਵ ਉਹ ਦੋ ਵਿਅਕਤੀ ਹਨ ਜੋ ਵਿਰੋਧੀ ਜਾਂ ਉਸੇ ਲਿੰਗ ਦੇ ਹੋਣ ਅਤੇ ਵਿਆਹੇ ਜੋੜੇ ਦੀ ਤਰ੍ਹਾਂ ਬਿਨਾਂ ਕਨੂੰਨੀ ਵਿਆਹ ਕਰਵਾਏ ਇਕੱਠੇ ਰਹਿੰਦੇ ਹੋਣ।*

❍ ਹਾਂ
❍ ਨਹੀਂ

## 6. ਵਿਅਕਤੀ 1 ਨਾਲ ਰਿਸ਼ਤਾ

**ਹਰ** ਵਿਅਕਤੀ ਜੋ ਆਮ ਤੌਰ ਤੇ ਇਥੇ ਰਹਿੰਦਾ/ਰਹਿੰਦੀ ਹੈ ਉਸਦਾ ਵਿਅਕਤੀ 1 ਨਾਲ ਰਿਸ਼ਤਾ ਬਿਆਨ ਕਰੋ।

*ਨਿਸ਼ਾਨ ਲਗਾਓ ਜਾਂ ਕੇਵਲ ਇਕ ਹੀ ਉੱਤਰ ਦਿਓ।*

*ਮਤਰਏ ਬੱਚੇ, ਗੋਦ ਲਿੱਤੇ ਬੱਚੇ ਅਤੇ ਰਿਵਾਜੀ ਕਨੂੰਨ ਸਾਥੀ ਦੇ ਬੱਚੇ ਆਪਣੇ ਪੁਤਰ ਅਤੇ ਧੀਆਂ ਹੀ ਸਮਝਣੇ ਚਾਹੀਦੇ ਹਨ।*

*ਜੇ ਇਨ੍ਹਾਂ ਵਿਚੋਂ ਕੋਈ ਵੀ ਚੋਣ ਲਾਗੂ ਨਹੀਂ ਹੁੰਦੀ ਹੈ ਤਾਂ "ਦੂਸਰਾ " ਖ਼ਾਨਾ ਵਰਤ ਇਸ ਵਿਅਕਤੀ ਦਾ ਵਿਅਕਤੀ 1 ਨਾਲ ਰਿਸ਼ਤਾ ਦੱਸੋ।*

*ਵਿਅਕਤੀ 1 ਨਾਲ "ਦੂਸਰੇ" ਰਿਸ਼ਤਿਆਂ ਦੇ ਉਦਾਹਰਣ:*

- *ਚਚੇਰਾ/ਮਮੇਰਾ ਭਰਾ/ਭੈਣ*
- *ਭਤੀਜੀ/ਭਨੇਵੀਂ ਜਾਂ ਭਤੀਜਾ/ਭਨੇਵਾਂ*
- *ਰਹਾਇਸ਼ੀ ਦਾ ਪਤੀ ਜਾਂ ਪਤਨੀ*
- *ਕਮਰੇ ਦੇ ਸਾਥੀ/ਸਾਥਣ ਦਾ ਧੀ ਜਾਂ ਪੁਤਰ*
- *ਮੁਲਾਜ਼ਮ*
- *ਸਮ-ਲਿੰਗੀ ਵਿਆਹੇ ਪਤੀ ਜਾਂ ਪਤਨੀ*

**ਵਿਅਕਤੀ 1**

❍ **ਵਿਅਕਤੀ 1**

**ਵਿਅਕਤੀ 2**

❍ ਵਿਅਕਤੀ 1 ਦਾ ਪਤੀ ਜਾਂ ਪਤਨੀ
❍ ਵਿਅਕਤੀ 1 ਦਾ ਵਿਪਰੀਤ-ਲਿੰਗ ਰਿਵਾਜੀ-ਕਨੂੰਨ ਸਾਥੀ
❍ ਵਿਅਕਤੀ 1 ਦਾ ਸਮਾਨ ਲਿੰਗ ਰਿਵਾਜੀ-ਕਨੂੰਨ ਸਾਥੀ
❍ ਵਿਅਕਤੀ 1 ਦਾ ਬੇਟਾ ਜਾਂ ਬੇਟੀ
❍ ਵਿਅਕਤੀ 1 ਦਾ ਜਵਾਈ ਜਾਂ ਨੂੰਹ
❍ ਵਿਅਕਤੀ 1 ਦਾ ਪੋਤਰਾ/ਪੋਤਰੀ ਜਾਂ ਧੋਤਰਾ/ਧੋਤਰੀ
❍ ਵਿਅਕਤੀ 1 ਦਾ ਪਿਤਾ ਜਾਂ ਮਾਤਾ
❍ ਵਿਅਕਤੀ 1 ਦਾ ਸਹੁਰਾ ਜਾਂ ਸੱਸ
❍ ਵਿਅਕਤੀ 1 ਦਾ ਦਾਦਾ ਜਾਂ ਨਾਨਾ
❍ ਵਿਅਕਤੀ 1 ਦਾ ਭਰਾ ਜਾਂ ਭੈਣ
❍ ਵਿਅਕਤੀ 1 ਦਾ ਸਾਲਾ/ਦਿਓਰ ਜਾਂ ਸਾਲੀ/ਨਨਾਣ
❍ ਰਹਾਇਸ਼ੀ ਜਾਂ ਖਰਚ ਦੇ ਕੇ ਰਹਿਣ ਵਾਲਾ
❍ ਕਮਰੇ ਦਾ ਸਾਥੀ/ਸਾਥਣ

ਹੋਰ — ਸਪੱਸ਼ਟ ਕਰੋ

______________________________

______________________________

## ਰੋਜ਼ਾਨਾ ਜੀਵਨ ਦੀ ਸਰਗਰਮਿਆਂ

**7.** ਕੀ ਇਸ ਵਿਅਕਤੀ ਨੂੰ ਸੁਣਣ, ਦੇਖਣ, ਬੋਲਣ, ਚਲਣ, ਪੌੜੀਆਂ ਚੜ੍ਹਨ, ਝੁਕਣ, ਸਿੱਖਣ ਜਾਂ ਕੋਈ ਰਲਦੀ ਸਰਗਰਮੀ ਕਰਣ ਵਿੱਚ ਕੋਈ **ਤਕਲੀਫ਼** ਹੁੰਦੀ ਹੈ?

- ❍ ਹਾਂ, ਕਦੀ ਕਦੀ
- ❍ ਹਾਂ, ਅਕਸਰ
- ❍ ਨਹੀਂ

---

**8.** ਕੀ ਕੋਈ ਸਰੀਰਕ ਅਵਸਥਾ **ਜਾਂ** ਮਾਨਸਿਕ ਅਵਸਥਾ **ਜਾਂ** ਸੇਹਤ ਸਮੱਸਿਆ **ਸਰਗਰਮੀ ਦੀ ਮਾਤਰਾ ਜਾਂ ਕਿਸਮ ਨੂੰ ਘਟਾ ਰਹੀ ਹੈ** ਜੋ ਇਹ ਵਿਅਕਤੀ ਕਰ ਸਕਦਾ ਹੈ:

(ੳ) ਘਰ ਵਿੱਚ?

- ❍ ਹਾਂ, ਕਦੀ ਕਦੀ
- ❍ ਹਾਂ, ਅਕਸਰ
- ❍ ਨਹੀਂ

(ਅ) at ਕੰਮ ਤੇ ਜਾਂ ਸਕੂਲ ਵਿੱਚ?

- ❍ ਹਾਂ, ਕਦੀ ਕਦੀ
- ❍ ਹਾਂ, ਅਕਸਰ
- ❍ ਨਹੀਂ
- ❍ ਲਾਗੂ ਨਹੀਂ

(ੲ) ਹੋਰ ਸਰਗਰਮਿਆਂ ਵਿੱਚ, ਉਦਾਹਰਣ ਲਈ, ਢੋਆ ਢਾਈ ਜਾਂ ਮਨ ਪ੍ਰਚਾਵਾ ਕਰਦਿਆਂ?

- ❍ ਹਾਂ, ਕਦੀ ਕਦੀ
- ❍ ਹਾਂ, ਅਕਸਰ
- ❍ ਨਹੀਂ

---

## ਸਮਾਜਕ-ਸਭਿਆਚਰਕ ਜਾਣਕਾਰੀ

**9.** ਇਸ ਵਿਅਕਤੀ ਦਾ ਜਨਮ ਕਿੱਥੇ ਹੋਇਆ?

*ਕੇਵਲ ਇੱਕ ਹੀ ਉੱਤਰ ਦਿਓ, ਵਰਤਮਾਨ ਹੱਦਬੰਦੀਆ ਅਨੁਸਾਰ।*

### ਕੈਨੇਡਾ ਵਿੱਚ ਜਨਮ

- ❍ ਨਿਊਫਾਉਂਡਲੈਂਡ ਲੈਬਰਾਡੋਰ
- ❍ ਪ੍ਰਿੰਸ ਐਡਵਰਡ ਆਈਲੈਂਡ
- ❍ ਨੋਵਾ ਸਕੋਸ਼ਿਆ
- ❍ ਨਿਊ ਬਰੱਨਸਵਿੱਕ
- ❍ ਕਿਊਬੈੱਕ
- ❍ ਆਨਟੇਰਿਓ
- ❍ ਮੈਨੀਟੋਬਾ
- ❍ ਸਸਕੈਚੁਅਣ
- ❍ ਅਲਬਰਟਾ
- ❍ ਬੀ ਸੀ
- ❍ ਯੁਕਾਨ
- ❍ ਨਾਰਥਵੈਸਟ ਟੈਰਿਟੋਰੀਜ਼
- ❍ ਨੂੰਨਾਵੁਤ

### ਕੈਨੇਡਾ ਤੋਂ ਬਾਹਰ ਜਨਮ

*ਦੇਸ਼ ਸਪੱਸ਼ਟ ਕਰੋ*

______________________________

---

**10.** ਇਹ ਵਿਅਕਤੀ ਕਿਸ ਦੇਸ਼ ਦਾ/ਦੀ ਨਾਗਰਿਕ ਹੈ?

***ਇਕ ਤੋਂ ਵੱਧ*** *ਨਾਗਰਿਕਤਾ ਬਾਰੇ ਦਸੋ, ਜੇ ਲਾਗੂ ਹੁੰਦਾ ਹੋਵੇ।*

"**ਕੈਨੇਡਾ, ਦੇਸ਼ੀਕਰਣ ਰਾਹੀਂ** " ਉਸ ਪ੍ਰਕਿਰਿਆ ਦਾ ਹਵਾਲਾ ਦੇਂਦਾ ਹੈ ਜਿਸ ਦੁਆਰਾ ਕਿਸੇ ਆਵਾਸੀ ਨੂੰ ਸਿਟੀਜ਼ਿਨਸ਼ਿਪ ਐਕਟ ਦੇ ਅਧੀਨ ਕੈਨੇਡਾ ਦੀ ਨਾਗਰਿਕਤਾ ਮਿਲਦੀ ਹੈ।

- ❍ ਕੈਨੇਡਾ, ਜਨਮ ਤੋਂ
- ❍ ਕੈਨੇਡਾ, ਦੇਸ਼ੀਕਰਣ ਰਾਹੀਂ

ਹੋਰ ਦੇਸ਼ - ਸੱਪਸ਼ਟ ਕਰੋ

______________________________

---

**11.** ਕੀ ਇਹ ਵਿਅਕਤੀ ਇਸ ਸਮੇਂ, ਜਾਂ ਕਦੇ ਪਹਿਲਾਂ **ਉਤਰੂ ਆਵਾਸੀ** ਰਹਿ ਚੁਕਾ/ਚੁਕੀ ਹੈ?

***"ਉਤਰੂ ਆਵਾਸੀ"(ਪੱਕਾ ਵਸਨੀਕ)*** *ਉਹ ਵਿਅਕਤੀ ਹੈ ਜਿਸ ਨੂੰ ਆਵਾਸੀ ਅਧਿਕਾਰੀਆਂ ਵਲੋਂ ਕੈਨੇਡਾ ਵਿੱਚ ਪੱਕੇ ਤੌਰ ਤੇ ਰਹਿਣ ਦ ਹੱਕ ਮਿਲ ਗਿਆ ਹੋਵੇ।*

- ❍ ਨਹੀਂ ➔ **ਪ੍ਰਸ਼ਨ 13 ਵਲ ਜਾਓ**
- ❍ ਹਾਂ

---

**12.** ਇਹ ਵਿਅਕਤੀ ਕਿਸ ਸਾਲ ਪਹਿਲੀ ਵਾਰ **ਉਤਰੂ ਆਵਾਸੀ** ਬਣਿਆ/ਬਣੀ?

*ਸਾਲ* ______________

*ਜੇ ਬਿਲਕੁਲ ਸਹੀ ਸਾਲ ਯਾਦ ਨਹੀਂ ਹੈ, ਤਾਂ ਸਭ ਤੋਂ ਚੰਗਾ ਅੰਦਾਜ਼ਾ ਭਰੋ।*

---

**13.** ਕੀ ਇਹ ਵਿਅਕਤੀ ਇਤਨੀ ਕੁ ਅੰਗਰੇਜ਼ੀ ਜਾਂ ਫ੍ਰੈਂਚ ਬੋਲ ਸਕਦਾ/ਸਕਦੀ ਹੈ ਜਿਸ ਨਾਲ ਗਲ ਬਾਤ ਜਾਰੀ ਰਹਿ ਸਕੇ?

*ਕੇਵਲ ਇਕ ਗੋਲੇ ਵਿੱਚ ਨਿਸ਼ਾਨ ਲਗਾਓ।*

- ❍ ਕੇਵਲ ਅੰਗ੍ਰੇਜ਼ੀ
- ❍ ਕੇਵਲ ਫ੍ਰੈਂਚ
- ❍ ਅੰਗ੍ਰੇਜ਼ੀ ਤੇ ਫ੍ਰੈਂਚ ਦੋਵੇਂ
- ❍ ਨਾ ਅੰਗ੍ਰੇਜ਼ੀ ਤੇ ਨਾ ਹੀ ਫ੍ਰੈਂਚ

---

**14.** ਗਲ ਬਾਤ ਚਲਾਉਣ ਲਈ ਇਹ ਵਿਅਕਤੀ **ਅੰਗ੍ਰੇਜ਼ੀ ਜਾਂ ਫ੍ਰੈਂਚ ਤੋਂ ਇਲਾਵਾ** ਹੋਰ ਕਿਹੜੀ ਭਾਸ਼ਾ/ਭਾਸ਼ਾਵਾਂ ਵਿੱਚ ਬੋਲ ਸਕਦਾ/ਸਕਦੀ ਹੈ?

- ❍ ਕੋਈ ਵੀ ਨਹੀਂ

**ਜਾਂ**

ਹੋਰ ਭਾਸ਼ਾ/ਭਾਸ਼ਾਵਾਂ ਸਪੱਸ਼ਟ ਕਰੋ

________________________________________

________________________________________

---

**15.** (ੳ) ਇਹ ਵਿਅਕਤੀ **ਅਕਸਰ ਬਾਹਲੇ** ਘਰ ਵਿੱਚ ਕਿਹੜੀ ਭਾਸ਼ਾ ਬੋਲਦਾ/ਬੋਲਦੀ ਹੈ?

- ❍ ਅੰਗ੍ਰੇਜ਼ੀ
- ❍ ਫ਼੍ਰੈਂਚ

ਹੋਰ - *ਸਪੱਸ਼ਟ ਕਰੋ*

______________________________

(ਅ) ਕੀ ਇਹ ਵਿਅਕਤੀ ਘਰ ਵਿੱਚ **ਬਾਕਾਇਦਾ** ਕੋਈ ਹੋਰ ਭਾਸ਼ਾਵਾਂ ਬੋਲਦਾ/ਬੋਲਦੀ ਹੈ?

- ❍ ਨਹੀਂ
- ❍ ਹਾਂ, ਅੰਗ੍ਰੇਜ਼ੀ
- ❍ ਹਾਂ, ਫ਼੍ਰੈਂਚ

ਹਾਂ, ਹੋਰ - *ਸਪੱਸ਼ਟ ਕਰੋ*

______________________________

---

**16.** ਉਹ ਕਿਹੜੀ ਭਾਸ਼ਾ ਹੈ ਜਿਸਨੂੰ ਇਸ ਵਿਅਕਤੀ **ਨੇ ਸਭ ਤੋਂ ਪਹਿਲਾਂ ਬਾਲਪਣ ਵਿੱਚ** ਘਰ ਵਿੱਚ ਸਿਖਿਆ ਅਤੇ **ਹੁਣ ਵੀ ਸਮਝਦਾ/ਸਮਝਦੀ ਹੈ?**

*ਜੇ ਇਹ ਵਿਅਕਤੀ ਪਹਿਲਾਂ ਸਿੱਖੀ ਭਾਸ਼ਾ ਨਹੀਂ ਸਮਝਦਾ/ਸਮਝਦੀ, ਤਾਂ ਦੂਜੀ ਸਿੱਖੀ ਭਾਸ਼ਾ ਜ਼ਾਹਰ ਕਰੋ।*

- ❍ ਅੰਗ੍ਰੇਜ਼ੀ
- ❍ ਫ਼੍ਰੈਂਚ

ਹੋਰ - *ਸਪੱਸ਼ਟ ਕਰੋ*

______________________________

---

*ਕੈਨੇਡਾ ਦੀ ਵੰਨ-ਸੁਵੰਨੀ ਅਬਾਦੀ ਦੀ ਬਣਤਰ ਨੂੰ ਧਰ ਲੈਣ ਲਈ ਮਰਦਮਸ਼ੁਮਾਰੀ ਵਜੋਂ 100 ਸਾਲਾਂ ਤੋਂ ਵਧ ਅਬਾਦੀ ਦੀ ਜੱਦੀ ਮੁੱਢਾਂ ਸੰਬੰਧਤ ਜਾਣਕਾਰੀ ਇਕੱਠੀ ਹੋਈ ਹੈ।*

**17.** ਇਸ ਵਿਅਕਤੀ ਦੇ **ਵਡੇ-ਵਡੇਰੇਆਂ** ਦੇ ਨਸਲੀ ਜਾਂ ਸਭਿਆਚਾਰਕ ਮੁੱਢ ਕੀ ਸਨ?

*ਆਮ ਤੌਰ ਤੇ ਵੱਡਾ-ਵਡੇਰਾ ਕਿਸੇ ਦਾਦਾ-ਦਾਦੀ ਜਾਂ ਨਾਨਾ-ਨਾਨੀ ਤੋਂ ਵਧ ਦੂਰੇਡਾ ਹੁੰਦਾ ਹੈ।*

*ਉਦਾਹਰਣ ਲਈ, ਕਨੇਡੀਅਨ, ਇੰਗਲਿਸਤਾਨੀ, ਫਰਾਂਸੀਸੀ, ਚੀਨੇ, ਇਤਾਲਵੀ, ਜਰਮਨ, ਸਕੋਟਸਤਾਨੀ, ਪੂਰਬੀ ਭਾਰਤੀ, ਆਇਰਿਸ਼, ਕ੍ਰੀ, ਮਿਕਮੈਕ, ਮੇਟੀਜ਼, ਇਨੁਯਿਟ (ਐਸਕੀਮੋ), ਯੁਕਰੇਨਿਅਨ, ਡੱਚ, ਫ਼ਿਲਪੀਨੋ, ਪੋਲੈਂਡ ਦੇ ਨਿਵਾਸੀ, ਪੁਰਤਗਾਲੀ, ਯਹੂਦੀ, ਗਰੀਸ ਦੇ ਨਿਵਾਸੀ, ਜਮੈਕਾ ਦੇ ਨਿਵਾਸੀ, ਵੀਅਤਨਾਮੀ, ਲੈੱਬਨਾਨੀ, ਚਿੱਲੀ ਦੇ ਨਿਵਾਸੀ, ਸੈਲਵਾਡੋਰਿਅਨ, ਸੋਮਾਲੀ ਆਦਿ।*

*ਲਾਗੂ ਹੁੰਦੇ ਵੱਧ ਤੋਂ ਵੱਧ ਮੁੱਢਾਂ ਨੂੰ ਵੱਡੇ ਅੱਖਰਾਂ ਵਿੱਚ ਸੱਪਸ਼ਟ ਕਰੋ।*

______________________________

______________________________

______________________________

______________________________

---

**18.** ਕੀ ਇਹ ਵਿਅਕਤੀ ਆਦਿ-ਵਾਸੀ (ਐਬਓਰਿਜਨਲ) ਹੈ, ਭਾਵ, ਉਤਰੀ ਅਮਰੀਕਾ ਦਾ ਇੰਡਿਅਨ, ਮੇਟੀਜ਼ ਜਾਂ *ਇਨਯੁਇਟ* (ਐਸਕੀਮੋ)?

*ਜੇ "ਹਾਂ" ਹੈ ਤਾਂ, ਉਸ ਗੋਲੇ/ਗੋਲੇਆਂ ਵਿੱਚ ਨਿਸ਼ਾਨ ਲਗਾਓ ਜੋ ਇਸ ਵਿਅਕਤੀ ਨੂੰ ਇਸ ਸਮੇਂ ਸਹੀ ਰੂਪ ਵਿੱਚ ਬਿਆਨ ਕਰਦੇ ਹਨ।*

- ❍ ਨਹੀਂ → **ਅਗਲੇ ਪ੍ਰਸ਼ਨ ਨਾਲ ਜਾਰੀ ਰਖੋ**
- ❍ ਹਾਂ, ਓਤਰੀ ਅਮਰੀਕਾ ਦਾ/ਦੀ ਇੰਡਿਅਨ
- ❍ ਹਾਂ, ਮੇਟੀਜ਼
- ❍ ਹਾਂ, *ਇਨਯੁਇਟ* (ਐਸਕੀਮੋ)

▶ **ਪ੍ਰਸ਼ਨ 20 ਵਲ ਜਾਓ**

---

**19.** ਕੀ ਇਹ ਵਿਅਕਤੀ:

*ਇਕ ਤੋਂ ਵੱਧ ਗੋਲੇ ਵਿੱਚ ਨਿਸ਼ਾਨ ਲਗਾਓ ਜਾਂ ਸਪੱਸ਼ਟ ਕਰੋ, ਜੇ ਲਾਗੂ ਹੁੰਦਾ ਹੋਵੇ।*

*ਇਹ ਜਾਣਕਾਰੀ ਇਸ ਲਈ ਇੱਕਠੀ ਕੀਤੀ ਜਾਂਦੀ ਹੈ ਤਾਂ ਕਿ ਅਜਿਹੇ ਪ੍ਰੋਗਰਾਮਾਂ ਨੂੰ ਸਹਾਰਾ ਦਿੱਤਾ ਜਾ ਸਕੇ ਜਿਨ੍ਹਾਂ ਦੇ ਸਦਕਾ ਹਰ ਕਿਸੇ ਨੂੰ ਕੈਨੇਡਾ ਦੀ ਸਮਾਜਕ, ਸਭਿਆਚਾਰਕ ਅਤੇ ਆਰਥਕ ਜ਼ਿੰਦਗੀ ਵਿੱਚ ਇਕੋ ਜਿਹੇ ਮੌਕੇ ਮਿਲ ਸਕਣ।*

- ❍ ਗੋਰਾ
- ❍ ਚੀਨਾ
- ❍ ਦੱਖਣੀ ਏਸ਼ੀਆ ਤੋਂ (ਜਿਵੇਂ ਪੂਰਬੀ ਭਾਰਤੀ, ਪਾਕਿਸਤਾਨੀ, ਸ੍ਰੀ ਲੰਕਾ ਦੇ ਵਾਸੀ ਆਦਿ)
- ❍ ਕਾਲਾ
- ❍ ਫ਼ਿਲਪੀਨੋ
- ❍ ਲੈਟਿਨ ਅਮੈਰੀਕਨ
- ❍ ਦੱਖਣੀ ਪੂਰਬੀ ਏਸ਼ੀਆ ਤੋਂ (ਜਿਵੇਂ ਵੀਅਤਨਾਮੀ, ਕੰਬੋਡੀਅਨ, ਮਲੇਸ਼ੀਅਨ, ਲਾਓਟਿਅਨ, ਆਦਿ)
- ❍ ਅਰਬ
- ❍ ਪਛੱਮੀ ਏਸ਼ੀਆ ਦੇ ਵਾਸੀ *(ਜਿਵੇਂ, ਈਰਾਨੀ, ਅਫ਼ਗਾਨੀ, ਆਦਿ)*
- ❍ ਕੋਰੀਅਨ
- ❍ ਜਪਾਨੀ

ਹੋਰ - *ਸਪਸ਼ਟ ਕਰੋ*

______________________________

---

**20.** ਕੀ ਇਹ ਵਿਅਕਤੀ ਇੰਡੀਅਨ ਬੈਂਡ/ਫ਼ਰਸਟ ਨੇਸ਼ਨ ਦਾ/ਦੀ ਮੈਂਬਰ ਹੈ?

- ❍ ਨਹੀਂ
- ❍ ਹਾਂ, ਇੰਡੀਅਨ ਬੈਂਡ/ਫ਼ਰਸਟ ਨੇਸ਼ਨ ਦਾ/ਦੀ ਮੈਂਬਰ ਹੈ

↓

*ਇੰਡੀਅਨ ਬੈਂਡ/ਫ਼ਰਸਟ ਨੇਸ਼ਨ ਸਪਸ਼ਟ ਕਰੋ (ਉਦਾਹਰਣ ਲਈ, ਮਸਕੁਈਮ)*

______________________________

---

**21.** ਕੀ ਇਹ ਵਿਅਕਤੀ ਟਰੀਟੀ ਇੰਡੀਅਨ ਜਾਂ ਰਜਿਸਟਰਡ ਇੰਡੀਅਨ ਹੈ ਜਿਵੇਂ ਇੰਡੀਅਨ ਐਕਟ ਆਫ਼ ਕੈਨੇਡਾ ਵਿੱਚ ਦੱਸਿਆ ਗਿਆ ਹੈ?

❍ ਨਹੀਂ
❍ ਹਾਂ, ਟਰੀਟੀ ਇੰਡੀਅਨ ਜਾਂ ਰਜਿਸਟਰਡ ਇੰਡੀਅਨ ਹੈ

---

## ਗ਼ਤਿਸ਼ੀਲਤਾ

**23.** **1 ਸਾਲ ਪਹਿਲਾਂ** ਇਹ ਵਿਅਕਤੀ ਕਿੱਥੇ ਰਹਿੰਦਾ/ਰਹਿੰਦੀ ਸੀ, ਭਾਵ **ਮਈ 16, 2005** ਨੂੰ?

*ਕੇਵਲ ਇਕ ਗੋਲੇ ਤੇ ਨਿਸ਼ਾਨ ਲਗਾਓ।*

***ਟਿੱਪਣੀ:***

*ਓਹਨਾਂ ਲਈ ਜਿਨ੍ਹਾਂ ਨੇ ਤੀਜੇ ਗੋਲੇ ਤੇ ਨਿਸ਼ਾਨ ਲਗਾਇਆ ਹੈ:*
*ਕਿਰਪਾ ਕਰਕੇ ਸ਼ਹਿਰ ਜਾਂ ਕਸਬੇ ਦਾ ਨਾਮ ਦਿਓ ਨਾ ਕਿ ਵਡੇ ਸ਼ਹਿਰ ਦਾ ਨਾਮ ਜਿਸਦਾ ਇਹ ਭਾਗ ਹੈ।*

*ਉਦਾਹਰਣ ਲਈ:*

- *ਸਾਨਿਚ ਨਾ ਕਿ ਵਿਕਟੋਰੀਆ (ਵੱਡਾ ਸ਼ਹਿਰ);*
- *ਸੇਂਟ ਐਲਬਰਟ ਨਾ ਕਿ ਐਡਮੰਟਨ (ਵੱਡਾ ਸ਼ਹਿਰ);*
- *ਲਵਾਲ ਨਾ ਕਿ ਮੌਂਟਰਿਆਲ (ਵੱਡਾ ਸ਼ਹਿਰ)।*

❍ ਹੁਣ ਵਾਂਗ **ਉਹੀਓ** ਪਤੇ ਤੇ ਰਹਿੰਦਾ/ਰਹਿੰਦੀ ਸੀ
❍ **ਵੱਖਰੇ** ਪਤੇ ਤੇ **ਉਹੀਓ** ਸ਼ਹਿਰ, ਕਸਬੇ, ਪਿੰਡ, ਟਊਨਸ਼ਿਪ, ਮਿਊਨਿਸਪੈਲਟੀ ਜਾਂ ਇੰਡੀਅਨ ਰਿਜ਼ਰਵ ਵਿੱਚ ਰਹਿੰਦਾ/ਰਹਿੰਦੀ ਸੀ
❍ **ਕੈਨੇਡਾ ਵਿੱਚ** ਕੋਈ **ਵੱਖਰੇ** ਸ਼ਹਿਰ, ਕਸਬੇ, ਪਿੰਡ, ਟਊਨਸ਼ਿਪ, ਮਿਊਨਿਸਪੈਲਟੀ ਜਾਂ ਇੰਡੀਅਨ ਰਿਜ਼ਰਵ ਵਿੱਚ ਰਹਿੰਦਾ/ਰਹਿੰਦੀ ਸੀ।

↓

*ਹੇਠ ਲਿਖਿਆਂ ਦੇ ਨਾਮ ਸਪੱਸ਼ਟ ਕਰੋ:*

ਸ਼ਹਿਰ, ਕਸਬਾ, ਪਿੰਡ, ਟਊਨਸ਼ਿਪ, ਮਿਊਨਿਸਪੈਲਟੀ ਜਾਂ ਇੰਡੀਅਨ ਰਿਜ਼ਰਵ

______________________________

______________________________

ਸੂਬਾ/ਰਾਜ-ਖੇਤਰ

______________________________

ਪੋਸਟਲ ਕੋਡ

__________ __________

❍ **ਕੈਨੇਡਾ ਤੋਂ ਬਾਹਰ** ਰਿਹਾ/ਰਹੀ

↓

*ਦੇਸ਼ ਦਾ ਨਾਮ ਸਪੱਸ਼ਟ ਕਰੋ*

______________________________

---

**24.** ਇਹ ਵਿਅਕਤੀ **5 ਸਾਲ ਪਹਿਲਾਂ**, ਭਾਵ **ਮਈ 16, 2001** ਨੂੰ ਕਿੱਥੇ ਰਹਿੰਦਾ/ਰਹਿੰਦੀ ਸੀ?

*ਕੇਵਲ ਇਕ ਗੋਲੇ ਤੇ ਨਿਸ਼ਾਨ ਲਗਾਓ।*

***ਟਿੱਪਣੀ:***

*ਓਹਨਾਂ ਲਈ ਜਿਨ੍ਹਾਂ ਨੇ ਤੀਜੇ ਗੋਲੇ ਤੇ ਨਿਸ਼ਾਨ ਲਗਾਇਆ ਹੈ:*

ਕਿਰਪਾ ਕਰਕੇ ਸ਼ਹਿਰ ਜਾਂ ਕਸਬੇ ਦਾ ਨਾਮ ਲਿਖੋ ਨਾ ਕਿ ਵੱਡੇ ਸ਼ਹਿਰ ਦਾ ਜਿਸਦਾ ਇਹ ਭਾਗ ਹੈ।

*ਉਦਾਹਰਣ ਲਈ:*

- *ਸਾਨਿਚ ਨਾ ਕਿ ਵਿਕਟੋਰੀਆ (ਵੱਡਾ ਸ਼ਹਿਰ);*
- *ਸੇਂਟ ਐਲਬਰਟ ਨਾ ਕਿ ਐਡਮਂਟਨ (ਵੱਡਾ ਸ਼ਹਿਰ);*
- *ਲਵਾਲ ਨਾ ਕਿ ਮੌਂਟਰਿਆਲ (ਵੱਡਾ ਸ਼ਹਿਰ).*

○ ਹੁਣ ਵਾਂਗ **ਉਹੀਓ** ਪਤੇ ਤੇ ਰਹਿੰਦਾ/ਰਹਿੰਦੀ ਸੀ

○ **ਵੱਖਰੇ** ਪਤੇ ਤੇ **ਉਹੀਓ** ਸ਼ਹਿਰ, ਕਸਬੇ, ਪਿੰਡ, ਟਊਨਸ਼ਿਪ, ਮਿਊਨਿਸਪੈਲਟੀ ਜਾਂ ਇੰਡੀਅਨ ਰਿਜ਼ਰਵ ਵਿੱਚ ਰਹਿੰਦਾ/ਰਹਿੰਦੀ ਸੀ

○ **ਕੈਨੇਡਾ ਵਿੱਚ** ਕੋਈ **ਵੱਖਰੇ** ਸ਼ਹਿਰ, ਕਸਬੇ, ਪਿੰਡ, ਟਊਨਸ਼ਿਪ, ਮਿਊਨਿਸਪੈਲਟੀ ਜਾਂ ਇੰਡੀਅਨ ਰਿਜ਼ਰਵ ਵਿੱਚ ਰਹਿੰਦਾ/ਰਹਿੰਦੀ ਸੀ।

↓

*ਹੇਠ ਲਿਖਿਆਂ ਦੇ ਨਾਮ ਸਪੱਸ਼ਟ ਕਰੋ:*

ਸ਼ਹਿਰ, ਕਸਬਾ, ਪਿੰਡ, ਟਊਨਸ਼ਿਪ, ਮਿਊਨਿਸਪੈਲਟੀ ਜਾਂ ਇੰਡੀਅਨ ਰਿਜ਼ਰਵ

______________________________

______________________________

ਸੂਬਾ/ਰਾਜ-ਖੇਤਰ

______________________________

ਪੋਸਟਲ ਕੋਡ

__________ __________

○ **ਕੈਨੇਡਾ ਤੋਂ ਬਾਹਰ** ਰਿਹਾ/ਰਹੀ

↓

*ਦੇਸ਼ ਦਾ ਨਾਮ ਸਪੱਸ਼ਟ ਕਰੋ*

______________________________

## ਮਾਪਿਆਂ ਦਾ ਜਨਮ ਸਥਾਨ

**25.** ਇਸ ਵਿਅਕਤੀ **ਦੇ** ਮਾਤਾ ਤੇ ਪਿਤਾ ਕਿੱਥੇ ਪੈਦਾ ਹੋਏ ਸਨ?

(ੳ) **ਪਿਤਾ**

*ਨਿਸ਼ਾਨ ਲਗਾਓ ਜਾਂ ਵਰਤਮਾਨ ਹਦਬੰਦਿਆਂ ਅਨੁਸਾਰ ਦੇਸ਼ ਸਪੱਸ਼ਟ ਕਰੋ।*

**ਪਿਤਾ**

- ❍ ਕੈਨੇਡਾ ਵਿੱਚ ਪੈਦਾ ਹੋਏ

ਕੈਨੇਡਾ ਤੋਂ ਬਾਹਰ ਪੈਦਾ ਹੋਏ

*ਦੇਸ਼ ਸਪੱਸ਼ਟ ਕਰੋ*

______________________________

(ਅ) **ਮਾਤਾ**

*ਨਿਸ਼ਾਨ ਲਗਾਓ ਜਾਂ ਵਰਤਮਾਨ ਹਦਬੰਦਿਆਂ ਅਨੁਸਾਰ ਦੇਸ਼ ਸਪੱਸ਼ਟ ਕਰੋ।*

**ਮਾਤਾ**

- ❍ ਕੈਨੇਡਾ ਵਿੱਚ ਪੈਦਾ ਹੋਈ

ਕੈਨੇਡਾ ਤੋਂ ਬਾਹਰ ਪੈਦਾ ਹੋਈ

*ਦੇਸ਼ ਸਪੱਸ਼ਟ ਕਰੋ*

______________________________

---

## ਸਿਖਿਆ

**26.** ਕੀ ਇਸ ਵਿਅਕਤੀ ਨੇ ਕੋਈ **ਅਗਲੇਰੀ (ਹਾਈ) ਸਕੂਲ** ਡਿਪਲੋਮਾ ਜਾਂ ਬਰਾਬਰ ਦਾ ਕੁਝ ਪੂਰਾ ਕੀਤਾ ਹੈ?

*ਅਗਲੇਰੀ (ਹਾਈ) ਸਕੂਲ ਦੀ ਬਰਾਬਰੀ ਦੇ ਸਰਟੀਫ਼ੀਕੇਟਜ਼ (ਪਰਮਾਣ ਪੱਤਰਾਂ) ਦੇ ਉਦਾਹਰਣ ਹਨ ਜੈਨਰਲ ਐਜੁਕੇਸ਼ਨ ਡਿਵੈਲਪਮੈਂਟ (ਜੀ ਈ ਡੀ) ਅਤੇ ਐਡਲਟ ਬੇਸਿਕ ਐਡੂਕੇਸ਼ਨ (ਏ ਬੀ ਈ)।*

**ਅਗਲੇਰੀ (ਹਾਈ) ਸਕੂਲ ਡਿਪਲੋਮਾ ਜਾਂ ਸਰਟੀਫ਼ੀਕੇਟ** (ਪਰਮਾਣ ਪੱਤਰ)

- ❍ ਹਾਂ, ਅਗਲੇਰੀ (ਹਾਈ) ਸਕੂਲ ਡਿਪਲੋਮਾ
- ❍ ਹਾਂ, ਅਗਲੇਰੀ (ਹਾਈ) ਸਕੂਲ ਦੀ ਬਰਾਬਰੀ ਦਾ ਸਰਟੀਫ਼ੀਕੇਟ
- ❍ ਨਹੀਂ

---

**27.** ਕੀ ਇਸ ਵਿਅਕਤੀ ਨੇ ਕੋਈ **ਰਜਿਸਟਰਡ ਐਪ੍ਰੇਂਟਿਸਸ਼ਿਪ** (ਦਰਜ ਕੀਤੀ ਸਿਖਲਾਈ) ਜਾਂ ਕੋਈ ਹੋਰ **ਟ੍ਰੇਡਜ਼ (ਤਜਾਰਤਾਂ)** ਵਿੱਚ ਸਰਟੀਫ਼ੀਕੇਟ ਜਾਂ ਡਿਪਲੋਮਾ ਪੂਰਾ ਕੀਤਾ ਹੈ?

*ਲਾਗੂ ਹੁੰਦੇ ਵੱਧ ਤੋਂ ਵੱਧ ਗੋਲੇਆਂ ਵਿੱਚ ਨਿਸ਼ਾਨ ਲਗਾਓ।*

*ਉਦਾਹਰਣ ਲਈ:*

- *ਵਾਲ ਸੰਵਾਰਣਾ*
- *ਸੀ ਐਨ ਸੀ ਮਸ਼ੀਨ ਵਾਲਾ*

ਰਜਿਸਟਰਡ ਐਪ੍ਰੇਂਟਿਸਸ਼ਿਪ ਜਾਂ ਟ੍ਰੇਡਜ਼ ਸਰਟੀਫ਼ੀਕੇਟ ਜਾਂ ਡਿਪਲੋਮਾ

❍ ਹਾਂ, ਰਜਿਸਟਰਡ ਐਪ੍ਰੇਂਟਿਸਸ਼ਿਪ ਸਰਟੀਫ਼ੀਕੇਟ
❍ ਹਾਂ, ਹੋਰ ਕੋਈ ਟ੍ਰੇਡਜ਼ ਪਰਮਾਣ ਪੱਤਰ ਜਾਂ ਡਿਪਲੋਮਾ
❍ ਨਹੀਂ

---

**28.** ਕੀ ਇਸ ਵਿਅਕਤੀ ਨੇ ਕੋਈ **ਮਹਾਂਵਿਦਿਆਲਾ** (ਕਾਲਜ), **ਸੀਜੈੱਪ, ਜਾਂ ਕੋਈ ਹੋਰ ਨਾ-ਮਹਾਂਵਿਦਿਆਲਾ** ਪਰਮਾਣ ਪੱਤਰ ਜਾਂ ਡਿਪਲੋਮਾ ਪੂਰਾ ਕੀਤਾ ਹੈ?

*ਲਾਗੂ ਹੁੰਦੇ ਵੱਧ ਤੋਂ ਵੱਧ ਗੋਲੇਆਂ ਵਿੱਚ ਨਿਸ਼ਾਨ ਲਗਾਓ।*

*ਉਦਾਹਰਣ ਲਈ:*

- *ਅਕਾਊਂਟਿੰਗ ਟੈਕਨੋਲੋਜੀ*
- *ਰੀਅਲ ਐਸਟੇਟ ਏਜੰਟ*
- *ਇੰਡਸਟ੍ਰੀਅਲ ਇੰਜੀਨੀਅਰਿੰਗ ਟੈਕਨੋਲੋਜੀ*

**ਮਹਾਂਵਿਦਿਆਲਾ, ਸੀਜੈੱਪ ਅਤੇ ਕੋਈ ਹੋਰ ਨਾ-ਮਹਾਂਵਿਦਿਆਲਾ ਸਰਟੀਫ਼ੀਕੇਟ ਜਾਂ ਡਿਪਲੋਮਾ**

❍ ਹਾਂ, ਤਿੰਨ ਮਹੀਨੇ ਤੋਂ ਘੱਟ ਦੇ ਪ੍ਰੋਗਰਾਮ ਤੋਂ ਸਰਟੀਫ਼ੀਕੇਟ ਜਾਂ ਡਿਪਲੋਮਾ
❍ ਹਾਂ, ਤਿੰਨ ਮਹੀਨੇ ਤੋਂ ਲੈ ਕੇ 1 ਸਾਲ ਤੋਂ ਘੱਟ ਦੇ ਪ੍ਰੋਗਰਾਮ ਤੋਂ ਸਰਟੀਫ਼ੀਕੇਟ ਜਾਂ ਡਿਪਲੋਮਾ
❍ ਹਾਂ, 1 ਤੋਂ 2 ਸਾਲ ਦੇ ਕੋਈ ਪ੍ਰੋਗਰਾਮ ਤੋਂ ਸਰਟੀਫ਼ੀਕੇਟ ਜਾਂ ਡਿਪਲੋਮਾ
❍ ਹਾਂ, 2 ਸਾਲ ਤੋਂ ਵਧੇਰੇ ਦੇ ਕੋਈ ਪ੍ਰੋਗਰਾਮ ਤੋਂ ਸਰਟੀਫ਼ੀਕੇਟ ਜਾਂ ਡਿਪਲੋਮਾ
❍ ਨਹੀਂ

---

**29.** ਕੀ ਇਸ ਵਿਅਕਤੀ ਨੇ ਕੋਈ **ਵਿਸ਼ਵ-ਵਿਦਿਆਲਾ** ਡਿਗਰੀ ਸਰਟੀਫ਼ੀਕੇਟ ਜਾਂ ਡਿਪਲੋਮਾ ਪੂਰਾ ਕੀਤਾ ਹੈ?

*ਲਾਗੂ ਹੁੰਦੇ ਵੱਧ ਤੋਂ ਵੱਧ ਗੋਲੇਆਂ ਵਿੱਚ ਨਿਸ਼ਾਨ ਲਗਾਓ।*

**ਵਿਸ਼ਵ-ਵਿਦਿਆਲਾ ਡਿਗਰੀ, ਪਰਮਾਣ ਪੱਤਰ ਜਾਂ ਡਿਪਲੋਮਾ**

❍ ਹਾਂ, ਬੈਚਲਰ (ਵਿਸ਼ਵ-ਵਿਦਿਆਲਾ ਦੀ ਪਹਿਲੀ ਡਿਗਰੀ) ਪੱਧਰ ਤੋਂ ਥੱਲੇ ਦਾ ਸਰਟੀਫ਼ੀਕੇਟ ਜਾਂ ਡਿਪਲੋਮਾ
❍ ਹਾਂ, ਬੈਚਲਰਜ਼ ਡਿਗਰੀ (ਸਮੇਤ ਐਲ ਐਲ ਬੀ)
❍ ਹਾਂ, ਬੈਚਲਰ ਪੱਧਰ ਤੋਂ ਉੱਤੇ ਦਾ ਸਰਟੀਫ਼ੀਕੇਟ ਜਾਂ ਡਿਪਲੋਮਾ
❍ ਹਾਂ, ਮਾਸਟਰਜ਼ (ਵਿਦਿਆ-ਪਤੀ ਦੀ) ਡਿਗਰੀ
❍ ਹਾਂ, ਮੈਡੀਸਨ (ਵੈਦਗੀ), ਡੈਂਟਿਸਟਰੀ (ਦੰਦਸਾਜ਼ੀ), ਵੈਟਿਰਨੈਰੀ ਮੈਡੀਸਨ (ਪਸ਼ੂ-ਚਿਕਿਤਸਾ) ਜਾਂ ਓਪਟੋਮਿਟਰੀ ਵਿੱਚ ਡਿਗਰੀ
❍ ਹਾਂ, ਡਾਕਟਰੇਟ (ਵਿਦਿਆ ਦੀ ਸਿਖਰੀ ਡਿਗਰੀ) ਖੱਟੀ
❍ ਨਹੀਂ

---

**30.** ਇਸ ਵਿਅਕਤੀ ਦੀ **ਸਭ ਤੋਂ ਉੱਚੀ** ਡਿਗਰੀ, ਸਰਟੀਫ਼ੀਕੇਟ ਜਾਂ ਡਿਪਲੋਮੇ ਦੀ ਸਿਖਿਆ ਦਾ ਮੁੱਖ ਖੇਤਰ ਕੀ ਸੀ ਜੋ ਇਸ ਨੇ ਪੂਰਾ ਕੀਤਾ?

*ਕਿਰਪਾ ਕਰਕੇ ਸਪੱਸ਼ਟ ਰਹੋ। ਉਦਾਹਰਣ ਲਈ:*

- *ਆਟੋਮੋਬੀਲ ਮਕੈਨਿਕਸ (ਮੋਟਰਕਾਰ ਕਲ-ਵਿਦਿਆ)*
- *ਸਿਵਿਲ ਇੰਜੀਨੀਅਰਿੰਗ (ਸਿਵਲ ਜੰਤਰਸ਼ਾਸ਼ਤਰ)*
- *ਡੈਂਟਲ ਟੈਕਨੋਲੋਜੀ (ਦੰਦਾਂ ਦਾ ਉਦਯੋਗ-ਵਿਗਿਆਨ)*
- *ਏਅਰਕ੍ਰਾਫ਼ਟ ਮਕੈਨਿਕਸ (ਹਵਾਈ ਜਹਾਜ਼ ਕਲ-ਵਿਦਿਆ)*
- *ਮੈਡੀਕਲ ਲਿਬਾਰਟਰੀ ਟੈਕਨੋਲੋਜੀ (ਵੈਦਿਕ ਪ੍ਰਯੋਗਸ਼ਾਲਾ ਉਦਯੋਗ-ਵਿਗਿਆਨ)*
- *ਡੇ-ਕੇਅਰ (ਬਾਲਾਂ ਲਈ ਰੋਜ਼ਾਨਾ ਦੇਖ-ਭਾਲ ਕੇਂਦਰ)*
- *ਐਗ੍ਰੀਕਲਚਰਲ ਇਕਨਾਮਿਕਸ (ਖੇਤੀਬਾੜੀ ਅਰਥ-ਵਿਗਿਆਨ)*
- *ਕੰਪਿਊਟਰ ਇੰਜੀਨੀਅਰਿੰਗ ਟੈਕਨੋਲੋਜੀ (ਗਣਕ ਜੰਤਰਸ਼ਾਸ਼ਤਰ ਉਦਯੋਗ-ਵਿਗਿਆਨ)*

**ਸਭ ਤੋਂ ਉੱਚੀ ਡਿਗਰੀ, ਸਰਟੀਫ਼ੀਕੇਟ ਜਾਂ ਡਿਪਲੋਮੇ ਦੀ ਸਿਖਿਆ ਦਾ ਮੁੱਖ ਖੇਤਰ**

______________________________

______________________________

______________________________

______________________________

**ਜਾਂ**

❍ ਕੋਈ ਸਰਟੀਫ਼ੀਕੇਟ ਜਾਂ ਡਿਪਲੋਮਾ (ਹਾਈ ਸਕੂਲ ਤੋਂ **ਉਚੇਰਾ**) ਨਹੀਂ ▶ **ਪ੍ਰਸ਼ਨ 32 ਵਲ ਜਾਓ**

---

**31.** ਕਿਸ ਸੂਬੇ, ਰਾਜ-ਖੇਤਰੇ ਜਾਂ ਦੇਸ਼ ਵਿੱਚ ਇਸ ਵਿਅਕਤੀ ਨੇ ਆਪਣੀ **ਸਭ ਤੋਂ ਉੱਚੀ** ਡਿਗਰੀ, ਸਰਟੀਫ਼ੀਕੇਟ ਜਾਂ ਡਿਪਲੋਮਾ ਪੂਰਾ ਕੀਤਾ?

**ਕੈਨੇਡਾ ਵਿੱਚ**

*ਸੂਬੇ ਜਾਂ ਰਾਜ-ਖੇਤਰ ਨੂੰ ਸਪੱਸ਼ਟ ਕਰੋ*

______________________________

**ਜਾਂ**

**ਕੈਨੇਡਾ ਦੇ ਬਾਹਰਵਾਰ**

*ਦੇਸ਼ ਸਪੱਸ਼ਟ ਕਰੋ*

______________________________

---

**32.** ਕੀ ਇਸ ਵਿਅਕਤੀ ਨੇ ਸਤੰਬਰ 2005 ਤੋਂ ਬਾਦ ਕਿਸੇ ਸਮੇ ਤੇ ਕੋਈ ਸਕੂਲ, ਮਹਾਂਵਿਦਿਆਲਾ, ਸੀਜੈੱਪ ਜਾਂ ਵਿਸ਼ਵ-ਵਿਦਿਆਲਾ ਦੀ ਹਾਜ਼ਰੀ ਭਰੀ ਸੀ?
*ਲਾਗੂ ਹੁੰਦੇ ਵੱਧ ਤੋਂ ਵੱਧ ਗੋਲੇਆਂ ਵਿੱਚ ਨਿਸ਼ਾਨ ਲਗਾਓ।*

❍ ਹਾਂ, ਮੁਢਲੇ (ਐਲੀਮੈਂਟਰੀ), ਛੋਟੇ (ਜੂਨੀਅਰ) ਹਾਈ ਸਕੂਲ ਜਾਂ ਹਾਈ ਸਕੂਲ ਦੀ ਹਾਜ਼ਰੀ ਭਰੀ ਸੀ?
❍ ਹਾਂ, ਤਜਾਰਤੀ ਸਕੂਲ, ਮਹਾਂਵਿਦਿਆਲਾ, ਸੀਜੈੱਪ ਜਾਂ ਹੋਰ ਕੋਈ ਨਾ-ਵਿਸ਼ਵ-ਵਿਦਿਆਲਾ ਸਥਾਪਤੀ ਦੀ ਹਾਜ਼ਰੀ ਭਰੀ ਸੀ?
❍ ਹਾਂ, ਵਿਸ਼ਵ-ਵਿਦਿਆਲਾ ਦੀ ਹਾਜ਼ਰੀ ਭਰੀ ਸੀ
❍ ਨਹੀਂ, ਸਤੰਬਰ 2005 ਤੋਂ ਬਾਦ ਕਿਸੇ ਸਮੇ ਤੇ ਕੋਈ ਸਕੂਲ ਦੀ ਹਾਜ਼ਰੀ ਨਹੀਂ ਭਰੀ ਸੀ?

---

## ਘਰਬਾਰ ਸਰਗਰਮਿਆਂ

***ਟਿੱਪਣੀ:***

***ਪਿਛਲੇ ਹਫ਼ਤੇ*** *ਤੋਂ ਭਾਵ ਐਤਵਾਰ ਮਈ 7 ਤੋਂ ਸਨਿੱਚਰਵਾਰ, ਮਈ 13, 2006।*

*ਪ੍ਰਸ਼ਨ 33 ਵਿੱਚ, ਹਰ ਸਰਗਰਮੀ ਤੇ ਬਿਤਾਏ ਸਮੇਂ ਦੀ ਰਪੋਟ ਦਿਓ, ਭਾਵੇਂ ਉਹੀਓ ਸਮੇਂ ਦੋ ਜਾਂ ਵੱਧ ਸਰਗਰਮਿਆਂ ਹੋਇਆਂ ਹੋਣ।*

**33.** **ਪਿਛਲੇ ਹਫ਼ਤੇ,** ਹੇਠਾਂ ਲਿਖੀ ਸਰਗਰਮਿਆਂ ਕਰਣ ਵਿੱਚ ਇਸ ਵਿਅਕਤੀ ਨੇ ਕਿਤਨੇ ਘੰਟੇ ਬਿਤਾਏ:

(ੳ) **ਬਿਨਾ ਤਨਖ਼ਾਹ** ਲਏ ਇਸ ਘਰਬਾਰ ਦੇ ਮੈਂਬਰਾਂ ਲਈ ਘਰ ਦਾ ਕੰਮ, ਬਾਗ ਦਾ ਕੰਮ ਜਾਂ ਿ ਘਰ ਦੀ ਸੰਭਾਲ ਜਾਂ ਹੋਰ ਕੰਮ ਕੀਤੇ?

*ਕੁਝ ਉਦਾਹਰਣ ਹਨ: ਰੋਟੀ ਪਕਾਉਣਾ, ਕਾਰ ਧੋਣਾ, ਕਪੜੇ ਧੋਣਾ, ਘਾਹ ਕਟਣਾ, ਖਰੀਦੋ-ਫ਼ਰੋਖਤ ਕਰਨਾ, ਘਰ-ਪ੍ਰਬੰਧ ਲਈ ਯੋਜਨਾ ਬਨਾਉਣਾ ਆਦਿ।*

- ❍ ਕੋਈ ਨਹੀਂ
- ❍ 5 ਘੰਟੇ ਤੋਂ ਘੱਟ
- ❍ 5 ਤੋਂ 14 ਘੰਟੇ
- ❍ 15 ਤੋਂ 29 ਘੰਟੇ
- ❍ 30 ਤੇ 59 ਘੰਟੇ
- ❍ 60 ਘੰਟੇ ਜਾਂ ਵੱਧ

(ਅ) ਇਸ ਵਿਅਕਤੀ ਦੇ ਆਪਣੇ ਇਕ ਜਾਂ ਵੱਧ ਬੱਚੇ ਜਾਂ ਹੋਰਾਂ ਦੇ ਬੱਚਿਆਂ ਦੀ **ਬਿਨਾ ਤਨਖ਼ਾਹ** ਤੋਂ ਦੇਖ-ਭਾਲ?

*ਕੁਝ ਉਦਾਹਰਣ ਹਨ: ਛੋਟੇ ਬਚਿਆਂ ਨੂੰ ਨਹਾਉਣਾ ਜਾਂ ਓਹਨਾਂ ਨਾਲ ਖੇਡਣਾ, ਬਚਿਆਂ ਨੂੰ ਖੇਡਣ ਵਾਸਤੇ ਕਾਰ ਵਿੱਚ ਲੈ ਕੇ ਜਾਣਾ ਜਾਂ ਓਹਨਾਂ ਦੀ ਸਕੂਲ ਤੋਂ ਮਿਲੇ ਘਰ ਦੇ ਕੰਮ ਵਿੱਚ ਸਹਾਇਤਾ ਕਰਣੀ, ਜਵਾਨ ਬੱਚਿਆਂ ਨਾਲ ਓਹਨਾਂ ਦੀਆਂ ਮੁਸ਼ਕਲਾਂ ਬਾਰੇ ਗੱਲ-ਬਾਤ ਕਰਣੀ, ਆਦਿ।*

- ❍ ਕੋਈ ਨਹੀਂ
- ❍ 5 ਘੰਟੇ ਤੋਂ ਘੱਟ
- ❍ 5 ਤੋਂ 14 ਘੰਟੇ
- ❍ 15 ਤੋਂ 29 ਘੰਟੇ
- ❍ 30 ਤੇ 59 ਘੰਟੇ
- ❍ 60 ਘੰਟੇ ਜਾਂ ਵੱਧ

(ੲ) ਇਕ ਜਾਂ ਵੱਧ ਬਜ਼ੁਰਗਾਂ ਨੂੰ **ਬਿਨਾ ਤਨਖ਼ਾਹ** ਦੇਖ-ਭਾਲ ਜਾਂ ਸਹਾਇਤਾ ਪੁਚਾਉਣਾ?

*ਕੁਝ ਉਦਾਹਰਣ ਹਨ: ਪਰਵਾਰ ਦੇ ਬਜ਼ੁਰਗ ਦੀ ਨਿਜੀ ਤੌਰ ਤੇ ਦੇਖ-ਭਾਲ ਕਰਣਾ, ਬਜ਼ੁਰਗਾਂ ਨੂੰ ਮਿਲਣ ਜਾਣਾ, ਓਹਨਾਂ ਨਾਲ ਟੈਲੀਫ਼ੋਨ ਤੇ ਗਲ-ਬਾਤ ਕਰਨਾ, ਖਰੀਦੋ-ਫ਼ਰੋਖਤ, ਬੈਂਕ ਦੇ ਕੰਮ ਜਾਂ ਦਵਾਈ ਲੈਣ ਵਿੱਚ ਓਹਨਾਂ ਦੀ ਸਹਾਇਤਾ ਕਰਨਾ, ਆਦਿ।*

- ❍ ਕੋਈ ਨਹੀਂ
- ❍ 5 ਘੰਟੇ ਤੋਂ ਘੱਟ
- ❍ 5 ਤੋਂ 9 ਘੰਟੇ
- ❍ 10 ਤੋਂ 19 ਘੰਟੇ
- ❍ 20 ਘੰਟੇ ਜਾਂ ਵੱਧ

## ਮਜੂਰੀ ਬਜ਼ਾਰ ਸਰਗਰਮਿਆਂ

**34.** **ਪਿਛਲੇ ਹਫ਼ਤੇ,** ਇਸ ਵਿਅਕਤੀ ਨੇ ਕਿਤਨੇ ਘੰਟੇ ਤਨਖ਼ਾਹ ਲਈ **ਜਾਂ** ਸਵੈ-ਰੋਜ਼ਗਾਰ ਦਾ ਕੰਮ ਕਰਦਿਆਂ ਬਿਤਾਏ?

*ਕਿਰਪਾ ਕਰਕੇ ਪਿਛਲੇ ਹਫ਼ਤੇ ਤਨਖਾਹ ਲਈ ਜਾਂ ਸਵੈ-ਰੋਜ਼ਗਾਰ ਲਈ ਕੀਤੇ ਸਾਰੇ ਕੰਮਾਂ ਦੇ ਕੁਲ ਘੰਟੇ ਦਰਜ ਕਰੋ?*

- *ਰੋਜ਼ੀ, ਤਨਖਾਹ, ਬਖਸ਼ੀਸ਼ ਜਾਂ ਕਮਿਸ਼ਨ ਲਈ ਕੰਮ ਕਰ ਰਹੇ;*
- *ਆਪ ਆਪਣੇ ਨਿਜ਼ੀ ਵਪਾਰ ਵਿੱਚ, ਖੇਤ ਜਾਂ ਪੇਸ਼ਾਵਰ ਅਭਿਆਸ, ਇਕੱਲਿਆਂ ਜਾਂ ਕਿਸੇ ਭਾਈਵਾਲ ਨਾਲ ਕੰਮ ਕਰ ਰਹੇ;*
- *ਪਰਵਾਰਕ ਖੇਤ ਜਾਂ ਵਪਾਰ ਲਈ ਬਿਨਾਂ ਰਸਮੀ ਤਨਖਾਹ ਦੇ ਸਿਧੇ ਤੌਰ ਤੇ ਕੰਮ ਕਰ ਰਹੇ (ਜਿਵੇਂ, ਬੀਜ ਪਾਉਣ ਵਿੱਚ ਸਹਾਇਤਾ ਕਰਨਾ, ਹਿਸਾਬ ਕਿਤਾਬ ਰੱਖਣਾ)।*

ਘੰਟਿਆ ਦੀ ਗਿਣਤੀ (ਸਭ ਤੋਂ ਨੇੜੇ ਦੇ ਘੰਟੇ ਤਕ)

_______________ ➔ ਪ੍ਰਸ਼ਨ 40 ਵਲ ਜਾਓ

**ਜਾਂ**

❍ ਕੋਈ ਨਹੀਂ ➔ **ਅਗਲੇ ਪ੍ਰਸ਼ਨ ਨਾਲ ਜਾਰੀ ਰਖੋ**

---

**35.** **ਪਿਛਲੇ ਹਫ਼ਤੇ,** ਕੀ ਇਹ ਵਿਅਕਤੀ ਆਪਣੇ ਰੋਜ਼ਗਾਰ ਜਾਂ ਵਪਾਰ ਤੋਂ ਆਰਜ਼ੀ ਤੌਰ ਤੇ ਬਰਖ਼ਾਸਤ ਸੀ ਜਾਂ ਗੈਰ ਹਾਜ਼ਰ ਸੀ?

*ਕੇਵਲ ਇਕ ਗੋਲੇ ਤੇ ਨਿਸ਼ਾਨ ਲਗਾਓ।*

❍ ਨਹੀਂ
❍ ਹਾਂ, ਆਰਜ਼ੀ ਤੌਰ ਤੇ ਆਪਣੇ ਉਸ ਰੋਜ਼ਗਾਰ ਤੋਂ ਬਰਖ਼ਾਸਤ ਸੀ ਜਿਸ ਤੇ ਇਹ ਵਿਅਕਤੀ ਵਾਪਸ ਜਾਣ ਦੀ ਉਮੀਦ ਕਰਦਾ/ਕਰਦੀ ਹੈ।
❍ ਹਾਂ, ਇਹ ਵਿਅਕਤੀ ਛੁੱਟੀ ਤੇ, ਬਿਮਾਰ, ਹੜਤਾਲ ਜਾਂ ਦਰਬੰਦੀ ਜਾਂ ਹੋਰ ਕਾਰਣਾ ਕਰਕੇ ਗ਼ੈਰ ਹਾਜ਼ਰ ਸੀ

---

**36.** **ਪਿਛਲੇ ਹਫ਼ਤੇ,** ਕੀ ਇਸ ਵਿਅਕਤੀ ਕੋਲ ਅਗਲੇ ਚਾਰ ਹਫਤਿਆਂ ਅੰਦਰ ਅੰਦਰ ਕੋਈ ਨਵੀਂ ਨੌਕਰੀ ਅਰੰਭ ਕਰਣ ਦਾ ਪੱਕਾ ਪ੍ਰਬੰਧ ਸੀ?

❍ ਨਹੀਂ
❍ ਹਾਂ

---

**37.** **ਪਿਛਲੇ ਚਾਰ ਹਫ਼ਤਿਆਂ ਦੇ ਦੌਰਾਨ** ਕੀ ਇਸ ਵਿਅਕਤੀ ਨੇ ਤਨਖ਼ਾਹ **ਲੈ** ਕੇ ਕਰਣ ਵਾਲੇ ਕੰਮ ਦੀ ਭਾਲ ਕੀਤੀ ਹੈ?

*ਉਦਾਹਰਣ ਲਈ, ਕੀ ਇਸ ਵਿਅਕਤੀ ਨੇ ਰੋਜ਼ਗਾਰ ਕੇਂਦਰ ਨਾਲ, ਕਾਰਦਾਤੇਆਂ ਨਾਲ ਸੰਪਰਕ ਕੀਤਾ ਹੈ ਜਾਂ ਅਖਬਾਰ ਵਿੱਚ ਨੌਕਰੀ ਲਈ ਇਸ਼ਤਿਹਾਰ ਦਿੱਤਾ ਜਾਂ ਕਿਸੇ ਇਸ਼ਤਿਹਾਰ ਦਾ ਉੱਤਰ ਦਿੱਤਾ ਹੈ, ਆਦਿ?*

*ਕੇਵਲ ਇਕ ਗੋਲੇ ਤੇ ਨਿਸ਼ਾਨ ਲਗਾਓ।*

❍ ਨਹੀਂ ➔ **ਪ੍ਰਸ਼ਨ 39 ਵਲ ਜਾਓ**
❍ ਹਾਂ, ਪੂਰੇ ਸਮੇਂ ਦੇ ਕੰਮ ਵਾਸਤੇ ਭਾਲ ਕੀਤੀ ਸੀ
❍ ਹਾਂ, ਥੋੜੇ ਸਮੇ ਵਾਲੇ ਕੰਮ ਦੀ ਭਾਲ ਕੀਤੀ ਸੀ (ਇਕ ਹਫ਼ਤੇ ਵਿੱਚ 30 ਘੰਟਿਆਂ ਤੋਂ ਘੱਟ)

---

**38.** ਕੀ ਇਹ ਵਿਅਕਤੀ **ਪਿਛਲੇ ਹਫ਼ਤੇ** ਨੌਕਰੀ ਸ਼ੁਰੂ ਕਰ ਲੈਂਦਾ/ਲੈਂਦੀ ਜੇ ਕੋਈ ਮਿਲ ਜਾਂਦੀ?

*ਕੇਵਲ ਇਕ ਗੋਲੇ ਤੇ ਨਿਸ਼ਾਨ ਲਗਾਓ।*

- ❍ ਹਾਂ, ਨੌਕਰੀ ਸ਼ੁਰੂ ਕਰ ਲਈ ਹੁੰਦੀ
- ❍ ਨਹੀਂ, ਇਸ ਕੋਲ ਨੌਕਰੀ ਪਹਿਲਾਂ ਤੋਂ ਹੀ ਹੈ ਸੀ
- ❍ ਨਹੀਂ, ਆਰਜ਼ੀ ਤੌਰ ਤੇ ਬਿਮਾਰ ਜਾਂ ਸਰੀਰਕ ਅਯੋਗਤਾ ਕਾਰਣ
- ❍ ਨਹੀਂ, ਨਿਜੀ ਜਾਂ ਪਰਵਾਰਕ ਜ਼ੁਮੇਵਾਰੀਆਂ ਕਰਕੇ
- ❍ ਨਹੀਂ, ਸਕੂਲ ਜਾਣ ਕਰਕੇ
- ❍ ਨਹੀਂ, ਹੋਰ ਕਾਰਣ

---

**39.** ਇਸ ਵਿਅਕਤੀ ਨੇ ਆਖ਼ਰੀ ਵਾਰ ਤਨਖਾਹ ਲਈ **ਜਾਂ** ਸਵੈ-ਰੋਜ਼ਗਾਰ ਲਈ ਕਦੋਂ ਕੰਮ ਕੀਤਾ, ਭਾਵੇਂ ਥੋੜੇ ਦਿਨਾਂ ਲਈ ਹੀ ਕੀਤਾ ਹੋਵੇ?

*ਕੇਵਲ ਇਕ ਗੋਲੇ ਤੇ ਨਿਸ਼ਾਨ ਲਗਾਓ।*

- ❍ 2006 ਵਿੱਚ ➔ **ਅਗਲੇ ਪ੍ਰਸ਼ਨ ਨਾਲ ਜਾਰੀ ਰਖੋ**
- ❍ 2005 ਵਿੱਚ ➔ **ਅਗਲੇ ਪ੍ਰਸ਼ਨ ਨਾਲ ਜਾਰੀ ਰਖੋ**
- ❍ 2005 ਤੋਂ ਪਹਿਲਾਂ ➔ **ਪ੍ਰਸ਼ਨ 51 ਵਲ ਜਾਓ**
- ❍ ਕਦੀ ਨਹੀਂ ➔ **ਪ੍ਰਸ਼ਨ 51 ਵਲ ਜਾਓ**

---

***ਟਿੱਪਣੀ: 40 ਤੋਂ 48 ਤਕ ਦੇ ਪ੍ਰਸ਼ਨ ਇਸ ਵਿਅਕਤੀ ਦੇ ਪਿਛਲੇ ਹਫ਼ਤੇ ਦੇ ਰੋਜ਼ਗਾਰ ਜਾਂ ਵਪਾਰ ਨਾਲ ਸੰਬੰਧਤ ਹਨ।***

*ਜੇ ਇਸ ਵਿਅਕਤੀ ਕੋਲ ਪਿਛਲੇ ਹਫ਼ਤੇ ਕੋਈ ਰੋਜ਼ਗਾਰ ਨਹੀਂ ਸੀ, ਤਾਂ ਉਸ ਰੋਜ਼ਗਾਰ ਸੰਬੰਧੀ ਉੱਤਰ ਦਿਓ ਜੋ ਜਨਵਰੀ 1, 2005 ਤੋਂ ਬਾਦ ਲੰਮੇ ਸਮੇਂ ਤਕ ਰਿਹਾ। ਜੇ ਇਸ ਵਿਅਕਤੀ ਕੋਲ ਪਿਛਲੇ ਹਫ਼ਤੇ ਇਕ ਤੋਂ ਵੱਧ ਨੌਕਰੀਆਂ ਸਨ, ਤਾਂ ਉਸ ਨੌਕਰੀ ਨਾਲ ਸੰਬੰਧਤ ਉੱਤਰ ਦਿਓ ਜਿਸ ਲਈ ਉਸ ਨੇ **ਜ਼ਿਆਦਾ ਘੰਟੇ** ਕੰਮ ਕੀਤਾ ਸੀ।*

**40.** ਇਸ ਵਿਅਕਤੀ ਨੇ ਕਿਸ ਲਈ ਕੰਮ ਕੀਤਾ ਸੀ?

*ਉਹ ਵਿਅਕਤੀ ਜੋ ਸਵੈ-ਨੌਕਰ ਹਨ, ਆਪਣੇ ਵਪਾਰ ਦਾ ਨਾਮ ਭਰੋ। ਜੇ ਵਪਾਰ ਦਾ ਕੋਈ ਨਾਮ ਨਹੀਂ ਹੈ ਤਾਂ ਉਸ ਵਿਅਕਤੀ ਦਾ ਨਾਮ ਭਰੋ।*

*ਹੇਠ ਲਿਖੇ ਅਨੁਸਾਰ ਵੱਡੇ ਅੱਖਰਾਂ ਵਿੱਚ ਲਿਖੋ:*

ਕੰਪਨੀ, ਸਰਕਾਰੀ ਸੰਸਥਾ ਆਦਿ ਦਾ ਨਾਮ

**A B C C O N C R E T E P R O D U C T S L I M I T E D**

ਕੰਪਨੀ, ਸਰਕਾਰੀ ਸੰਸਥਾ ਆਦਿ ਦਾ ਨਾਮ

______________________________

______________________________

______________________________

______________________________

ਸੈਕਸ਼ਨ, ਕਾਰਖ਼ਾਨਾ, ਵਿਭਾਗ, ਆਦਿ (ਜੇ ਲਾਗੂ ਹੁੰਦਾ ਹੋਵੇ)

______________________________

______________________________

---

**41.** ਇਹ ਕਿਸ ਕਿਸਮ ਦਾ ਵਪਾਰ, ਉਦਯੋਗ ਜਾਂ ਸੇਵਾ ਸੀ?

ਕਿਰਪਾ ਕਰਕੇ ਵੇਰਵਾ ਦਿਓ। ਉਦਾਹਰਣ ਲਈ:

- *ਨਵੇਂ ਘਰਾਂ ਦੀ ਓਸਾਰੀ*
- *ਮੁਢਲੀ ਸਕੂਲ*
- *ਨਗਰ ਪੁਲਸ*
- *ਕਣਕ ਖੇਤ*
- *ਜੁੱਤਾ ਭੰਡਾਰ*
- *ਥੋਕ ਖਾਧ*
- *ਕਾਰਾਂ ਦੇ ਪਾਰਟਸ ਦਾ ਕਾਰਖ਼ਾਨਾ*

ਵਪਾਰ, ਉਦਯੋਗ ਜਾਂ ਸੇਵਾ ਦੀ ਕਿਸਮ

______________________________________

______________________________________

______________________________________

---

**42.** ਇਸ ਵਿਅਕਤੀ ਦਾ ਕੰਮ ਜਾਂ ਧੰਦਾ ਕੀ ਸੀ?

ਕਿਰਪਾ ਕਰਕੇ ਸਪੱਸ਼ਟ ਰਹੋ। ਉਦਾਹਰਣ ਲਈ:

- *ਕਨੂੰਨੀ ਸਕੱਤਰ*
- *ਨਲਕੇ ਲਾਉਣ ਵਾਲਾ*
- *ਮੱਛੀਆਂ ਫੜਣ ਦਾ ਗਾਈਡ*
- *ਲੱਕੜੀ ਦਾ ਫ਼ਰਨੀਚਰ ਜੋੜਨ ਵਾਲਾ*
- *ਸੈਕੰਡਰੀ ਸਕੂਲ ਦਾ/ਦੀ ਅਧਿਆਪਕ*

*(ਜੇ ਫ਼ੌਜ ਵਿੱਚ ਸੀ, ਤਾਂ ਦਰਜਾ ਦਸੋ।)*

ਧੰਦਾ

______________________________________

______________________________________

______________________________________

---

**43.** ਇਸ ਕੰਮ ਵਿੱਚ, ਇਸ ਵਿਅਕਤੀ ਦੀ ਮੁੱਖ ਸਰਗਰਮਿਆਂ ਕੀ ਸਨ?

*ਕਿਰਪਾ ਕਰਕੇ ਵੇਰਵਾ ਦਿਓ। ਉਦਾਹਰਣ ਲਈ:*

- *ਕਨੂੰਨੀ ਕਾਗਜ਼-ਪੱਤਰ ਤਿਆਰ ਕੀਤੇ*
- *ਘਰਾਂ ਵਿੱਚ ਨਲਕੇ ਲਗਾਏ*
- *ਫ਼ਿਸ਼ਿੰਗ ਧਿਰਾਂ ਦੀ ਅਗਵਾਈ ਕੀਤੀ*
- *ਲੱਕੜੀ ਦੇ ਫ਼ਰਨੀਚਰ ਬਣਾਏ*
- *ਹਿਸਾਬ ਪੜ੍ਹਾਇਆ*

ਮੁੱਖ ਸਰਗਰਮਿਆਂ

______________________________________

______________________________________

______________________________________

---

**44.** ਇਸ ਨੌਕਰੀ ਜਾਂ ਵਪਾਰ ਵਿੱਚ, ਕੀ ਇਹ ਵਿਅਕਤੀ ਬਹੁਤ ਕਰਕੇ:

*ਕੇਵਲ ਇਕ ਗੋਲੇ ਤੇ ਨਿਸ਼ਾਨ ਲਗਾਓ।*

- ❍ ਰੋਜ਼ੀ, ਤਨਖਾਹ, ਬਖਸ਼ੀਸ਼ ਜਾਂ ਕਮਿਸ਼ਨ ਤੇ ਕੰਮ ਕਰ ਰਹੇ? ➔ **ਪ੍ਰਸ਼ਨ 46 ਵਲ ਜਾਓ**
- ❍ ਆਪਣੇ ਪਤੀ ਜਾਂ ਆਪਣੀ ਪਤਨੀ ਜਾਂ ਕਿਸੇ ਹੋਰ ਰਿਸ਼ਤੇਦਾਰ ਲਈ ਪਰਵਾਰਕ ਖੇਤ ਜਾਂ ਵਪਾਰ ਵਿੱਚ ਬਿਨਾ ਤਨਖ਼ਾਹ ਤੋਂ ਕੰਮ ਕਰ ਰਹੇ? ➔ **ਪ੍ਰਸ਼ਨ 46 ਵਲ ਜਾਓ**
- ❍ ਸਵੈ-ਰੋਜ਼ਗਾਰ ਵਿੱਚ ਬਿਨਾ ਤਨਖ਼ਾਹ ਦੇ ਕਿਸੇ ਦੀ ਸਹਾਇਤਾ ਤੋਂ (ਇਕੱਲੇ ਜਾਂ ਭਾਈਵਾਲ ਨਾਲ)?
- ❍ ਸਵੈ-ਰੋਜ਼ਗਾਰ ਵਿੱਚ ਤਨਖ਼ਾਹ ਤੇ ਕਿਸੇ ਦੀ ਸਹਾਇਤਾ ਨਾਲ (ਇਕੱਲੇ ਜਾਂ ਭਾਈਵਾਲ ਨਾਲ)?

---

**45.** ਜੇ ਸਵੈ-ਰੋਜ਼ਗਾਰ ਵਿੱਚ ਹੋ ਤਾਂ ਕੀ ਇਹ ਇਸ ਵਿਅਕਤੀ ਦਾ ਫ਼ਾਰਮ ਜਾਂ ਵਪਾਰ ਕਾਰਪੋਰੇਸ਼ਨ ਦੇ ਰੂਪ ਵਿੱਚ ਸੰਯੁਕਤ ਸੀ?

- ❍ ਨਹੀਂ
- ❍ ਹਾਂ

---

**46.** **ਆਮ ਤੌਰ ਤੇ** ਇਸ ਵਿਅਕਤੀ ਨੇ ਕਿਸ ਪਤੇ ਤੇ **ਬਹੁਤਾ ਸਮਾਂ ਕੰਮ** ਕੀਤਾ ਹੈ?

*ਉਦਾਹਰਣ:* *365* *Laurier* *Ave.* *West*

*ਨੰਬਰ* → *365*
*ਨਾਮ* → *Laurier*
*ਕਿਸਮ* → *Ave.*
ਦਿਸ਼ਾ → *West*

*ਜੇ ਦਿਸ਼ਾ (ਉਦਾਹਰਣ ਵਜੋਂ, ਉੱਤਰ, ਦੱਖਣ, ਪੂਰਬ ਜਾਂ ਪੱਛਮ) ਗਲੀ ਦੇ ਪਤੇ ਦਾ ਭਾਗ ਹੈ, ਤਾਂ ਕਿਰਪਾ ਕਰਕੇ ਇਸ ਨੂੰ ਸ਼ਾਮਲ ਕਰੋ।*

*ਜੇ ਗਲੀ ਦਾ ਪਤਾ ਨਹੀਂ ਜਾਣਦੇ ਜਾਂ ਪਤਾ ਕੋਈ ਡਾਕਖ਼ਾਨੇ ਦਾ ਡੱਬਾ ਹੈ ਤਾਂ ਇਮਾਰਤ ਜਾਂ ਬਹੁਤ ਹੀ ਨੇੜੇ ਦੀ ਗਲੀ ਦੇ ਪੰਧ-ਕਾਟ ਨੂੰ ਸਪੱਸ਼ਟ ਕਰੋ। ਡਾਕਖ਼ਾਨੇ ਦੇ ਡੱਬੇ ਦਾ ਨੰਬਰ ਨਾ ਦਿਓ।*

*ਕਿਰਪਾ ਕਰਕੇ ਸ਼ਹਿਰ ਜਾਂ ਕਸਬੇ ਦਾ ਨਾਮ ਦਿਓ ਨਾ ਕਿ ਵਡੇ ਸ਼ਹਿਰ ਦਾ ਨਾਮ ਜਿਸਦਾ ਕਿ ਇਹ ਭਾਗ ਹੈ।*

*ਉਦਾਹਰਣ ਲਈ:*

- *ਸਾਨਿਚ ਨਾ ਕਿ ਵਿਕਟੋਰੀਆ (ਵੱਡਾ ਸ਼ਹਿਰ);*
- *ਸੇਂਟ ਐਲਬਰਟ ਨਾ ਕਿ ਐਡਮੰਟਨ (ਵੱਡਾ ਸ਼ਹਿਰ);*
- *ਲਵਾਲ ਨਾ ਕਿ ਮੌਂਟਰੀਆਲ (ਵੱਡਾ ਸ਼ਹਿਰ)।*

*ਜੇ ਕੰਮ ਦਾ ਪਤਾ ਮਾਲਕ ਦੇ ਪਤੇ ਨਾਲੋਂ ਵੱਖਰਾ ਹੈ, ਕਿਰਪਾ ਕਰਕੇ ਉਹ ਪਤਾ ਦਿਓ ਜਿੱਥੇ ਇਹ ਵਿਅਕਤੀ ਅਸਲੀਅਤ ਵਿੱਚ ਕੰਮ ਕਰਦਾ/ਕਰਦੀ ਹੈ (ਜਿਵੇਂ, ਸਕੂਲ ਅਧਿਆਪਕ ਨੂੰ ਆਪਣੇ ਸਕੂਲ ਦਾ ਪਤਾ ਦੇਣਾ ਚਾਹੀਦਾ ਹੈ ਨਾ ਕਿ ਸਕੂਲ ਬੋਰਡ ਦਾ ਪਤਾ)।*

- ❍ ਘਰ ਵਿੱਚ ਕੰਮ ਕੀਤਾ (ਖੇਤਾਂ ਸਮੇਤ) → **ਪ੍ਰਸ਼ਨ 48 ਵਲ ਜਾਓ**
- ❍ ਕੈਨੇਡਾ ਤੋਂ ਬਾਹਰ ਕੰਮ ਕੀਤਾ → **ਪ੍ਰਸ਼ਨ 48 ਵਲ ਜਾਓ**
- ❍ ਕੰਮ ਸਥਾਨ ਦਾ ਕੋਈ ਪੱਕਾ ਪਤਾ ਨਹੀਂ → **ਪ੍ਰਸ਼ਨ 47 ਵਲ ਜਾਓ**
- ❍ ਹੇਠ ਲਿਖੇ ਪਤੇ ਤੇ ਕੰਮ ਕੀਤਾ:

**ਪੂਰਾ ਪਤਾ ਸਪੱਸ਼ਟ ਕਰੋ:**

ਗਲੀ ਦਾ ਪਤਾ (ਉਦਾਹਰਣ ਦੇਖੋ )

________________________________________

________________________________________

________________________________________

ਸ਼ਹਿਰ, ਕਸਬਾ, ਪਿੰਡ, ਟਾਊਨਸ਼ਿਪ, ਮਿਊਨਿਸਪੈਲਟੀ ਜਾਂ ਇੰਡੀਅਨ ਰਿਜ਼ਰਵ

________________________________________

________________________________________

ਸੂਬਾ/ਰਾਜ-ਖੇਤਰ

________________________________________

ਪੋਸਟਲ ਕੋਡ

___________ ___________

---

**47.** ਇਹ ਵਿਅਕਤੀ **ਆਮ ਤੌਰ ਤੇ** ਕੰਮ ਤੇ ਕਿਵੇਂ ਜਾਂਦਾ/ਜਾਂਦੀ ਸੀ?

*ਜੇ ਇਸ ਵਿਅਕਤੀ ਨੇ ਕੰਮ ਤੇ ਜਾਣ ਲਈ ਇਕ ਤੋਂ ਵੱਧ ਸਾਧਨ ਵਰਤੇ ਸਨ,* ***ਤਾਂ ਉਸ ਤੇ ਨਿਸ਼ਾਨ ਲਗਾਓ ਜੋ ਜ਼ਿਆਦਾ ਰਸਤੇ ਸਫ਼ਰ ਕਰਨ ਲਈ ਵਰਤਿਆ ਸੀ।***

- ❍ ਕਾਰ, ਟ੍ਰੱਕ ਜਾਂ ਵੈਨ – ਡਰਾਈਵਰ ਵਜੋਂ
- ❍ ਕਾਰ, ਟ੍ਰੱਕ ਜਾਂ ਵੈਨ – ਸਵਾਰੀ ਵਜੋਂ
- ❍ ਸਾਰਵਜਨਿਕ ਜਾਣ-ਆਣ (ਜਿਵੇਂ, ਬੱਸ, ਸਟਰੀਟ ਕਾਰ, ਸੁਰੰਗ-ਮਾਰਗ, ਲਾਈਟ ਰੇਲ ਟ੍ਰਾਂਜ਼ਿਟ, ਕਮਿਊਟਰ ਟ੍ਰੇਨ, ਬੇੜੀ)
- ❍ ਕੰਮ ਤੇ ਚਲ ਕੇ ਜਾਣਾ
- ❍ ਬਾਈਸਿਕਲ
- ❍ ਮੋਟਰ ਸਾਈਕਲ
- ❍ ਟੈਕਸੀ
- ❍ ਹੋਰ ਤਰੀਕੇ

---

**48.** (ੳ) ਇਸ ਵਿਅਕਤੀ ਨੇ ਇਸ ਨੌਕਰੀ ਤੇ **ਅਕਸਰ ਬਹੁਤ ਵਾਰ** ਕਿਹੜੀ ਭਾਸ਼ਾ ਵਰਤੀ?

❍ ਅੰਗ੍ਰੇਜ਼ੀ
❍ ਫ੍ਰੈਂਚ

ਹੋਰ - *ਸਪੱਸ਼ਟ ਕਰੋ*

________________________________

(ਅ) ਕੀ ਇਸ ਵਿਅਕਤੀ ਨੇ ਇਸ ਨੌਕਰੀ ਤੇ **ਨਿਯਮਿਤ ਅਧਾਰ ਤੇ** ਕੋਈ ਹੋਰ ਭਾਸ਼ਾਵਾਂ ਵਰਤੀਆਂ?

❍ ਨਹੀਂ
❍ ਹਾਂ, ਅੰਗ੍ਰੇਜ਼ੀ
❍ ਹਾਂ, ਫ੍ਰੈਂਚ

ਹਾਂ, ਹੋਰ – *ਸਪੱਸ਼ਟ ਕਰੋ*

________________________________

---

**49.** ਇਸ ਵਿਅਕਤੀ ਨੇ **ਸਾਲ 2005 ਵਿੱਚ** ਕਿਤਨੇ **ਹਫ਼ਤੇ** ਕੰਮ ਕੀਤਾ?

*ਕਿਰਪਾ ਕਰਕੇ 2005 ਵਿੱਚ ਤਨਖਾਹ ਲਈ ਜਾਂ ਸਵੈ-ਰੋਜ਼ਗਾਰ ਲਈ ਕੀਤੇ ਸਾਰੇ ਕੰਮਾਂ ਦੇ ਕੁਲ ਹਫ਼ਤੇ ਦਰਜ ਕਰੋ?*

***ਉਹ ਹਫ਼ਤੇ*** *ਸ਼ਾਮਲ ਕਰੋ ਜਦੋਂ ਇਹ ਵਿਅਕਤੀ:*

- ***ਛੁੱਟੀ ਤੇ*** *ਜਾਂ* ***ਤਨਖ਼ਾਹ ਸਮੇਤ ਬਿਮਾਰੀ ਦੀ ਛੁੱਟੀ ਤੇ*** *ਸੀ;*
- ***ਪੂਰਾ ਵਕਤ*** *ਜਾਂ ਥੋੜਾ ਵਕਤ ਕੰਮ ਕੀਤਾ;*
- ***ਰੋਜ਼ੀ), ਤਨਖਾਹ, ਬਖਸ਼ੀਸ਼ ਜਾਂ ਕਮਿਸ਼ਨ ਲਈ*** *ਕੰਮ ਕੀਤਾ;*
- ***ਸਵੈ-ਰੋਜ਼ਗਾਰ*** *ਸੀ;*
- ***ਪਰਵਾਰਕ ਖੇਤ ਜਾਂ ਵਪਾਰ*** *ਚਲਾਉਣ ਲਈ ਬਿਨਾ ਰਸਮੀ ਤੌਰ ਤੇ ਤਨਖ਼ਾਹ ਲਿੱਤੇ ਕੰਮ ਕੀਤਾ।*

❍ ਨਹੀਂ → **ਪ੍ਰਸ਼ਨ 51 ਵਲ ਜਾਓ**

**ਜਾਂ**

__________________ ← ਹਫ਼ਤਿਆਂ ਦੀ ਗਿਣਤੀ

---

**50.** ਇਨ੍ਹਾਂ ਵਿੱਚੋਂ **ਬਹੁਤ** ਹਫ਼ਤਿਆਂ ਦੇ ਦੌਰਾਨ, ਕੀ ਇਸ ਵਿਅਕਤੀ ਨੇ **ਪੂਰਾ ਵਕਤ** ਜਾਂ **ਥੋੜਾ ਵਕਤ ਕੰਮ ਕੀਤਾ**?

ਕੇਵਲ ਇਕ ਗੋਲੇ ਤੇ ਨਿਸ਼ਾਨ ਲਗਾਓ

❍ ਪੂਰਾ ਵਕਤ (30 ਘੰਟੇ ਜਾਂ ਵੱਧ ਹਰ ਹਫ਼ਤੇ)
❍ ਥੋੜਾ ਵਕਤ (30 ਘੰਟੇ ਤੋਂ ਘੱਟ ਹਰ ਹਫ਼ਤੇ)

---

## 2005 ਵਿੱਚ ਆਮਦਨ

**51.** ਵਕਤ ਬਚਾਉਣ ਲਈ, **ਪ੍ਰਸ਼ਨ 52** ਦਾ ਉੱਤਰ ਦੇਣ ਦੀ ਥਾਂ, ਪ੍ਰਤੀ ਵਿਅਕਤੀ ਸਟੇਟਿਸਟਿਕਸ ਕੈਨੇਡਾ ਨੂੰ ਆਪਣੇ ਆਉਦਣ-ਕਰ ਫ਼ਾਈਲਾਂ ਵਿੱਚ ਪਹਿਲਾਂ ਤੋਂ ਉਪਲਬਧ ਆਮਦਨੀ ਜਾਣਕਾਰੀ ਦੀ ਵਰਤੋਂ ਕਰਣ ਦੀ ਅਨੁਮਤੀ ਦੇ ਸਕਦਾ ਹੈ।

- *ਇਹ ਮਰਜ਼ੀ ਕੇਵਲ ਓਹ ਵਿਅਕਤਿਆਂ ਲਈ ਉਪਲਬਧ ਹੈ ਜਿਨ੍ਹਾਂ ਨੇ ਦਸੰਬਰ 31, 2005 ਨੂੰ ਖਤਮ ਹੋ ਜਾਣ ਵਾਲੇ ਸਾਲ ਲਈ ਆਪਣਾ ਕਰ ਭਰਿਆ ਹੈ।*
- *ਕਿਰਪਾ ਧਿਆਨ ਦਿਓ ਕਿ ਤੁਹਾਡੀ ਆਮਦਨੀ ਕਰ ਜਾਣਕਾਰੀ ਦੀ ਕੇਵਲ ਅੰਕੜਿਆਂ ਸੰਬੰਧੀ ਮੰਨਤਵਾਂ ਲਈ ਵਰਤੋ ਕੀਤੀ ਜਾਵੇਗੀ।*

ਕੀ ਇਹ ਵਿਅਕਤੀ, ਸਟੇਟਿਸਟਿਕਸ ਕੈਨੇਡਾ ਨੂੰ ਦਸੰਬਰ 31, 2005 ਨੂੰ ਖਤਮ ਹੋ ਜਾਣ ਵਾਲੇ ਸਾਲ ਲਈ ਆਪਣੇ ਆਉਦਣ-ਕਰ ਫ਼ਾਈਲਾਂ ਵਿੱਚ ਪਹਿਲਾਂ ਤੋਂ ਉਪਲਬਧ ਆਮਦਨੀ ਜਾਣਕਾਰੀ ਦੀ ਵਰਤੋਂ ਕਰਣ ਲਈ, ਅਨੁਮਤੀ ਦੇਂਦਾ ਹੈ?

❍ ਹਾਂ → ਵਿਅਕਤੀ 1 ਸਹਿਮਤ ਹੈ। **ਪ੍ਰਸ਼ਨ 53 ਤੇ ਜਾਓ**

❍ ਨਹੀਂ → **ਪ੍ਰਸ਼ਨ 52 ਨਾਲ ਜਾਰੀ ਰਖੋ**

---

**52.** ਦਸੰਬਰ 31, 2005 ਨੂੰ ਖ਼ਤਮ ਹੋ ਜਾਣ ਵਾਲੇ ਸਾਲ ਵਿੱਚ, ਕੀ ਇਸ ਵਿਅਕਤੀ ਨੂੰ ਹੇਠ ਲਿਖੇ ਸੋਮਿਆ ਤੋਂ ਕੋਈ ਆਮਦਨ ਮਿਲੀ ਸੀ?

*ਸਾਰੇ ਸੋਮਿਆ ਲਈ **ਉੱਤਰ "ਹਾਂ" ਜਾਂ "ਨਾ" ਵਿੱਚ ਦਿਓ।** ਜੇ ਉੱਤਰ "ਹਾਂ" ਵਿੱਚ ਹੈ ਤਾਂ, **ਰਕਮ ਵੀ ਭਰੋ**; ਜੇ ਘਾਟਾ ਹੋਇਆ ਹੈ ਤਾਂ, "ਘਾਟਾ" ਵੀ ਲਿਖੋ।*

### ਆਮਦਨ ਸਹਿਤ ਰੋਜ਼ਗਾਰ:

(ੳ) ਕੁਲ **ਮਜ਼ੂਰੀ** ਅਤੇ **ਤਨਖ਼ਾਹਾਂ**, *ਕਾਟਾਂ ਤੋਂ ਪਹਿਲਾਂ ਆੜ੍ਹਤਾਂ, ਬੋਨਸਾਂ, ਬਖਸ਼ੀਸ਼ਾਂ, ਕਰ-ਯੋਗ ਲਾਹੇ, ਖੋਜ ਅਨੁਦਾਨ, ਹੱਕ-ਮਾਲਕੀ ਆਦਿ ਸ਼ਾਮਲ ਕਰੋ*

❍ ਹਾਂ

↳ ___ ________ ________ .00 ਡਾਲਰ

❍ ਨਹੀਂ

---

### ਸਵੈ-ਰੋਜ਼ਗਾਰ:

(ਅ) **ਖੇਤ ਤੋਂ ਅਸਲ ਆਮਦਨ** *(ਖੇਤ-ਸਹਾਈ ਪ੍ਰੋਗਰਾਮਾਂ ਦੇ ਅਧੀਨ ਸਰਕਾਰੀ ਅਨੁਦਾਨ ਅਤੇ ਆਰਥਕ ਮਦਦ, ਮਾਰਕਟਿੰਗ ਬੋਰਡ ਨੂੰ ਰਕਮਾ ਦੀ ਅਦਾਇਗੀ, ਬੀਮੇ ਤੋਂ ਕੁਲ ਲਾਭ ਸਮੇਤ।*

❍ ਹਾਂ

↳ ___ ________ ________ .00 ਡਾਲਰ

❍ ਘਾਟਾ

❍ ਨਹੀਂ

(ੲ) **ਅਣਸੰਸਥਾਪਿਤ ਵਪਾਰ, ਪੇਸ਼ਾਵਰ ਪੇਸ਼ੇ** ਤੋਂ **ਗ਼ੈਰ-ਖੇਤੀ ਅਸਲ ਆਮਦਨ,** ਆਦਿ *(ਖਰਚੇ ਘਟਾ ਕੇ ਕੁਲ ਵਸੂਲੀ)*

❍ ਹਾਂ

↳ ___ ________ ________ .00 ਡਾਲਰ

❍ ਘਾਟਾ

❍ ਨਹੀਂ

---

**ਸਰਕਾਰ ਤੋਂ ਆਮਦਨ:**

(ਸ) **ਬਾਲ** ਲਾਹੇ *ਜਿਵੇਂ ਬਾਲ ਲਈ ਮਿਲੇ ਕਰ ਲਾਭ, ਪਰਵਾਰ ਭੱਤੇ* (ਸੰਘਾਨੀ, ਸੂਬਾਈ ਅਤੇ ਰਾਜ-ਖੇਤਰੀ)

❍ ਹਾਂ

↳ ___ ________ ________ .00 ਡਾਲਰ

❍ ਨਹੀਂ

(ਹ) **ਬੁੱਢ-ਵਰ੍ਹੇਸ ਸੁਰੱਖਿਆ ਪਿਨਸ਼ਨ** (ਓਲਡ ਏਜ ਸਕਿਊਰੀਟੀ ਪੈਨਸ਼ਨ)**, ਗਾਰੰਟੀ ਕੀਤੇ ਆਮਦਨੀ ਜ਼ਮੀਮੇ** (ਗਾਰੰਟੀਡ ਇਨਕਮ ਸਪਲੀਮੈਂਟ), **ਭੱਤਾ ਅਤੇ ਕੇਂਦਰੀ ਸਰਕਾਰ ਤੋਂ ਪਿਛ-ਰਿਹੇ ਲਈ ਭੱਤਾ** (ਅਲਾਉਂਸ ਅਤੇ ਅਲਾਉਂਸ ਫ਼ਾਰ ਦੀ ਸਰਵਾਇਵਰ) *ਕੇਵਲ ਕੇਂਦਰੀ ਸਰਕਾਰ ਤੋਂ (ਸੂਬਾਈ ਆਮਦਨ ਜ਼ਮੀਮੇ (ਗ) ਵਿੱਚ ਦਰਜ ਕਰਣੇ ਚਾਹੀਦੇ ਹਨ।))*

❍ ਹਾਂ

↳ ___ ________ ________ .00 ਡਾਲਰ

❍ ਨਹੀਂ

(ਕ) **ਕੈਨੇਡਾ** ਜਾਂ **ਕਿਊਬੈੱਕ ਪਿਨਸ਼ਨ ਯੋਜਨਾ (ਕਿਊਬੈੱਕ ਪੈਨਸ਼ਨ ਪਲੈਨ)** ਤੋਂ ਲਾਹੇ

❍ ਹਾਂ

↳ ___ ________ ________ .00 ਡਾਲਰ

❍ ਨਹੀਂ

(ਖ) **ਰੋਜ਼ਗਾਰ ਬੀਮਾ** (ਇੰਪਲਾਇਮੈਂਟ ਇਨਸ਼ਿਉਰੰਸ) ਤੋਂ ਲਾਹੇ *(ਟੈਕਸ ਕਾਟ ਤੋਂ ਪਹਿਲਾਂ ਕੁਲ ਲਾਹੇ)*

❍ ਹਾਂ

↳ ___ ________ ________ .00 ਡਾਲਰ

❍ ਨਹੀਂ

(ਗ) **ਸਰਕਾਰੀ ਸੋਮਿਆਂ** ਤੋਂ **ਹੋਰ ਆਮਦਨ,** *ਜਿਵੇਂ ਸੂਬਾਈ ਆਮਦਨ ਜ਼ਮੀਮੇ ਅਤੇ ਅਨੁਦਾਨ, ਜੀ ਐਸ ਟੀ/ਕਿਊ ਐਸ ਟੀ/ਐੱਚ ਐੱਸ ਟੀ ਕ੍ਰੈਡਿਟ, ਸੂਬਾਈ ਟੈਕਸ ਕ੍ਰੈਡਿਟ, ਵਰਕਰਜ਼ ਕੰਪਨਸੇਸ਼ਨ, ਵੈਟਰਨਜ਼ ਪੈਨਸ਼ਨ, ਵੈਲਫ਼ੇਅਰ ਪੇਮੈਂਟਸ*

❍ ਹਾਂ

↳ ____ ________ ________ .00 ਡਾਲਰ

❍ ਨਹੀਂ

---

**ਹੋਰ ਆਮਦਨੀ:**

(ਘ) **ਲਾਭ-ਅੰਸ਼** (ਡਿਵੀਡੈਂਡਜ਼), ਬਾਂਡਾਂ ਉਪਰ **ਵਿਆਜ**, ਜਮ੍ਹਾ ਅਤੇ ਬੱਚਤ ਸਰਟੀਫ਼ੀਕੇਟਸ ਅਤੇ **ਹੋਰ ਲਾਈ ਰਕਮ ਤੋਂ ਆਮਦਨੀ,** ਜਿਵੇਂ *ਰੀਅਲ ਇਸਟੇਟ ਤੋਂ ਅਸਲ ਕਿਰਾਏ, ਮੋਰਗੇਜਜ਼ ਤੋਂ ਵਿਆਜ*

❍ ਹਾਂ

↳ ____ ________ ________ .00 ਡਾਲਰ

❍ ਘਾਟਾ

❍ ਨਹੀਂ

(ਙ) **ਰਿਟਾਇਰਮੈਂਟ ਪਿਨਸ਼ਨਾਂ, ਸੁਪਰਐਨੂਏਸ਼ਨ** ਅਤੇ **ਐਨੂਅਟੀਜ਼,** *ਸਮੇਤ ਆਰ ਆਰ ਐੱਸ ਪੀ ਅਤੇ ਆਰ ਆਰ ਆਈ ਐਫ਼। ਕੋਈ ਪਿਨਸ਼ਨ ਯੋਜਨਾ ਜਾਂ ਆਰ ਆਰ ਐੱਸ ਪੀ ਤੋਂ ਮੁੜਾਵੇਂ ਸ਼ਾਮਲ ਨਹੀਂ ਕਰੋ।*

❍ ਹਾਂ

↳ ____ ________ ________ .00 ਡਾਲਰ

❍ ਨਹੀਂ

(ਚ) **ਹੋਰ ਪੈਸੇ ਦੀ ਆਮਦਨ,** ਜਿਵੇਂ *ਨਿਰਬਾਹ-ਖਰਚ (ਐਲਿਮਨੀ), ਬੱਚੇ ਲਈ ਖਰਚ, ਵਜ਼ੀਫ਼ੇ*

❍ ਹਾਂ

↳ ____ ________ ________ .00 ਡਾਲਰ

❍ ਨਹੀਂ

---

**2005 ਵਿੱਚ ਸਭ ਸੋਮਿਆ ਤੋਂ ਕੁਲ ਆਮਦਨ**

❍ ਹਾਂ

↳ ___ ________ ________ .00 ਡਾਲਰ

❍ ਘਾਟਾ

❍ ਨਹੀਂ

---

**2005 ਦੀ ਆਮਦਨੀ ਤੇ ਅਦਾ ਕੀਤੇ ਕਰ (ਸੰਧਾਨੀ, ਸੂਬਾਈ ਅਤੇ ਰਾਜ-ਖੇਤਰੀ)**

▶ ___ ________ ________ .00 ਡਾਲਰ

---

**ਹੇਠਲਾ ਪ੍ਰਸ਼ਨ ਸਮੇਤ 15 ਸਾਲ ਦੀ ਉਮਰ ਤੋਂ ਘੱਟ ਓਹ ਸਭ ਵਿਅਕਤਿਆਂ ਲਈ ਹੈ ਜੋ ਆਮ ਤੌਰ ਤੇ ਏਥੇ ਰਹਿੰਦੇ ਹਨ।**
**ਜੇ ਤੁਸੀਂ ਹੋਰ ਵਿਅਕਤੀ ਵਲੋਂ ਉੱਤਰ ਦੇ ਰਹੇ ਹੋ ਤਾਂ ਕਿਰਪਾ ਕਰਕੇ ਹਰ ਵਿਅਕਤੀ ਨਾਲ ਸਲਾਹ ਕਰੋ।**

**53.** *ਸਟੇਟਿਸਟਿਕਸ ਐਕਟ* ਤੁਹਾਡੀ ਮਰਦਮਸ਼ੁਮਾਰੀ ਜਾਣਕਾਰੀ ਨੂੰ ਗੁਪਤ ਰੱਖਣ ਦੀ ਗਰੰਟੀ ਕਰਦਾ ਹੈ। ਜੇਕਰ ਤੁਸੀਂ ਇਸ ਪ੍ਰਸ਼ਨ ਤੇ "ਹਾਂ" ਦਾ ਨਿਸ਼ਾਨ ਲਗਾਉਂਦੇ ਹੋ ਤਾਂ ਤੁਹਾਡੀ ਜ਼ਾਤੀ ਜਾਣਕਾਰੀ ਨੂੰ 2006 ਮਰਦਮਸ਼ੁਮਾਰੀ ਦੇ 92 ਸਾਲਾਂ ਬਾਅਦ ਜਨਤਾ ਨੂੰ ਵਿਦਿਤ ਕਰਾਇਆ ਜਾਵੇਗਾ। ਜੇਕਰ ਤੁਸੀਂ ਇਸ ਪ੍ਰਸ਼ਨ ਤੇ "ਨਾ" ਦਾ ਨਿਸ਼ਾਨ ਲਗਾਉਂਦੇ ਹੋ ਜਾਂ ਉੱਤਰ ਨਹੀਂ ਦੇਂਦੇ ਤਾਂ ਤੁਹਾਡੀ ਜ਼ਾਤੀ ਜਾਣਕਾਰੀ ਨੂੰ ਕਦੀ ਵੀ ਜਨਤਾ ਨੂੰ ਵਿਦਿਤ ਨਹੀਂ ਕਰਾਇਆ ਜਾਵੇਗਾ।

ਕੀ ਇਹ ਵਿਅਕਤੀ ਆਪਣੀ 2006 ਮਰਦਮਸ਼ੁਮਾਰੀ ਜਾਣਕਾਰੀ ਨੂੰ 2098 ਵਿੱਚ (ਮਰਦਮਸ਼ੁਮਾਰੀ ਦੇ 92 ਸਾਲਾਂ ਬਾਅਦ)
ਜਨਤਾ ਲਈ ਉਪਲਬਧ ਕਰਾਉਣ ਵਿੱਚ ਸਹਿਮਤ ਹੈ?

- ❍ ਹਾਂ
- ❍ ਨਹੀਂ

## ਕਦਮ ਕ

**ਇਸ ਨਿਵਾਸ ਸਥਾਨ ਸਬੰਧੀ ਪ੍ਰਸ਼ਨ ਗ 1 ਤੋਂ ਗ 8 ਤਕ ਉਤੱਰ ਦਿਓ:**

***ਨਿਵਾਸ ਸਥਾਨ*** *ਇਕ ਵੱਖਰੀ ਰਹਿਣ ਦੀ ਥਾਂ ਹੈ ਜਿਸਦਾ ਬਾਹਰੋਂ ਜਾਂ ਵੱਡੀ ਇਮਾਰਤ ਦੇ ਅੰਦਰੋ ਆਮ ਹਾਲਵੇਅ ਜਾਂ ਪੌੜੀਆਂ ਤੋਂ ਨਿਵਾਸ ਦੇ* ***ਅੰਦਰ ਆਉਣ ਦਾ ਨਿਜੀ ਰਸਤਾ ਹੋਵੇ।*** *ਅੰਦਰ ਆਉਣ ਦਾ ਇਹ ਰਾਹ ਕਿਸੇ ਹੋਰ ਦੇ ਨਿਵਾਸ ਸਥਾਨ ਵਿਚੋਂ ਨਹੀਂ ਹੋਣਾ ਚਾਹੀਦਾ।*

**ਗ 1. ਇਸ ਨਿਵਾਸ ਸਥਾਨ ਦਾ ਕਰਾਇਆ ਜਾਂ ਮੋਰਗੇਜ, ਟੈਕਸ, ਬਿਜਲੀ ਆਦਿ ਦਾ ਖਰਚ ਕੌਣ ਤਾਰਦਾ ਹੈ?**

*ਜੇ ਇਕ ਤੋਂ ਵੱਧ ਵਿਅਕਤੀ ਇਸ ਰਕਮ ਦੀ ਅਦਾਇਗੀ ਕਰਦੇ ਹਨ, ਲਾਗੂ ਹੁੰਦੇ ਵੱਧ ਤੋਂ ਵੱਧ ਗੋਲੇਆਂ ਵਿੱਚ ਨਿਸ਼ਾਨ ਲਗਾਓ।*

- ❍ ਵਿਅਕਤੀ 1
- ❍ ਵਿਅਕਤੀ 2
- ❍ ਵਿਅਕਤੀ 3
- ❍ ਵਿਅਕਤੀ 4
- ❍ ਵਿਅਕਤੀ 5
- ❍ ਇਸ ਨਿਵਾਸ ਸਥਾਨ ਦਾ ਉਹ ਵਿਅਕਤੀ ਜੋ ਕਿਸੇ ਹੋਰ ਪ੍ਰਸ਼ਾਨਵਲੀ ਵਿੱਚ ਦਰਜ ਹੈ
- ❍ ਉਹ ਵਿਅਕਤੀ ਜੋ ਇਥੇ ਨਹੀਂ ਰਹਿੰਦਾ

---

**ਗ 2. ਕੀ ਇਹ ਨਿਵਾਸ ਸਥਾਨ?**

*ਕੇਵਲ ਇਕ ਦਾਇਰੇ ਵਿੱਚ ਨਿਸ਼ਾਨ ਲਗਾਓ।*

- ❍ ਤੁਸੀਂ ਜਾਂ ਘਰ ਦਾ ਕੋਈ ਹੋਰ ਜੀਅ ਇਸ ਘਰ ਦਾ ਮਾਲਕ ਹੈ (ਭਾਵੇਂ ਇਸਦੀ ਕੀਮਤ ਅਜੇ ਵੀ ਦਿਤੀ ਜਾ ਰਹੀ ਹੋਵੇ)?
- ❍ ਕਿਰਾਏ ਤੇ (ਭਾਵੇਂ ਕੋਈ ਵੀ ਨਗਦ ਕਿਰਾਇਆ ਨਾ ਦਿਤਾ ਜਾਂਦਾ ਹੋਵੇ)?

---

**ਗ 3.** (ੳ) **ਇਸ ਨਿਵਾਸ ਸਥਾਨ ਵਿੱਚ ਕਿਤਨੇ ਕਮਰੇ ਹਨ?**

*ਸਮੇਤ ਰਸੋਈ, ਸੌਣ ਦੇ ਕਮਰੇ, ਪੜਛੱਤੀ ਜਾਂ ਤਹਿਖ਼ਾਨੇ (ਬੇਸਮੈਂਟ) ਆਦਿ ਵਿੱਚ ਮੁਕੰਮਲ ਕਮਰੇ ਆਦਿ।*

*ਗੁਸਲਖ਼ਾਨੇ, ਵੱਡੇ ਕਮਰੇ, ਡਿਉਢਿਆਂ ਅਤੇ ਓਹ ਕਮਰੇ ਜੋ ਕੇਵਲ ਕਾਰੋਬਾਰ ਮੰਨਤਵਾਂ ਲਈ ਵਰਤੇ ਜਾਂਦੇ ਹਨ ਓਹਨਾਂ ਦੀ* ***ਗਿਣਤੀ ਨਾ ਕਰੋ।***

________ ← ਕਮਰਿਆਂ ਦੀ ਗਿਣਤੀ

(ਅ) **ਏਹਨਾਂ ਵਿਚੋਂ ਕਿਤਨੇ ਕਮਰੇ ਸੌਣ ਦੇ ਕਮਰੇ ਹਨ?**

________ ← ਸੌਣ ਦੇ ਕਮਰਿਆਂ ਦੀ ਗਿਣਤੀ

---

**ਗ 4. ਇਹ ਨਿਵਾਸ ਸਥਾਨ ਮੁੱਢੋਂ ਕਦੋਂ ਬਣਿਆ ਸੀ?**

*ਉਸ ਸਮੇਂ ਤੇ ਨਿਸ਼ਾਨ ਲਗਾਓ ਜਦੋਂ ਇਹ ਇਮਾਰਤ ਮੁੰਕਮਲ ਹੋਈ ਸੀ ਨਾ ਕਿ ਉਸ ਸਮੇਂ ਤੇ ਜਦੋਂ ਬਾਦ ਵਿੱਚ ਇਸਨੂੰ ਦੁਬਾਰਾ ਸੁਧਾਰਿਆ, ਵਧਾਇਆ ਜਾਂ ਬਦਲਿਆ ਹੋਵੇ। ਜੇ ਸਾਲ ਨਾ ਯਾਦ ਹੋਵੇ ਤਾਂ ਸਭ ਤੋਂ ਚੰਗਾ ਅੰਦਾਜ਼ਾ ਦਸੋ।*

- ❍ 1920 ਜਾਂ ਪਹਿਲਾਂ
- ❍ 1921-1945
- ❍ 1946-1960
- ❍ 1961-1970
- ❍ 1971-1980
- ❍ 1981-1985
- ❍ 1986-1990
- ❍ 1991-1995
- ❍ 1996-2000
- ❍ 2001-2006

---

**ਗ 5. ਕੀ ਇਸ ਨਿਵਾਸ ਸਥਾਨ ਨੂੰ ਕਿਸੇ ਕਿਸਮ ਦੀ ਮੁਰੰਮਤਾ ਦੀ ਜ਼ਰੂਰਤ ਹੈ?**

*ਮਨ ਭਾਂਉਦੀ ਦੁਬਾਰਾ ਤਰਤੀਬ ਦੇਣ ਜਾਂ ਵਾਧੇ ਕਰਣ ਨੂੰ ਸ਼ਾਮਲ ਨਾ ਕਰੋ।*

- ❍ ਨਹੀਂ, ਕੇਵਲ **ਬਾਕਾਇਦਾ ਦੇਖ ਭਾਲ** ਦੀ ਜ਼ਰੂਰਤ ਹੈ (ਪੇਂਟਿੰਗ, ਫ਼ਰਨਸ ਦੀ ਸਫ਼ਾਈ, ਆਦਿ)
- ❍ ਹਾਂ, **ਮਮੂਲੀ ਮੁਰੰਮਤਾ** ਦੀ ਜ਼ਰੂਰਤ ਹੈ (ਫ਼ਰਸ਼ ਦੀਆਂ ਟਾਈਲਾਂ ਉਖੜੀਆਂ ਜਾਂ ਨਾ ਹੋਣੀਆਂ, ਇਟਾਂ ਜਾਂ ਸ਼ਿੰਗਲਜ਼, ਖਰਾਬ ਪੌੜੀਆਂ, ਰੇਲਿੰਗ ਜਾਂ ਸਾਈਡਿੰਗ, ਆਦਿ)
- ❍ ਹਾਂ, **ਵੱਡੀ ਮੁਰਮੰਤ** ਦੀ ਜ਼ਰੂਰਤ ਹੈ (ਖਰਾਬ ਪਲਮਿੰਗ ਜਾਂ ਬਿਜਲੀ ਦੀਆਂ ਤਾਰਾਂ, ਦਿਵਾਰਾਂ, ਫ਼ਰਸ਼ਾਂ ਜਾਂ ਛੱਤਾਂ ਦੀ ਬਣਤਰ ਵਿੱਚ ਮੁਰਮੰਤ, ਆਦਿ)

---

**ਗ** 6 ਤੋਂ **ਗ** 8 ਤਕ ਪ੍ਰਸ਼ਨਾਂ ਦੇ ਉੱਤਰ ਦਿਓ ਕੇਵਲ ਉਸ ਘਰ ਲਈ ਜਿਥੇ ਤੁਸੀਂ **ਹੁਣ ਰਹਿ ਰਹੇ ਹੋ,** ਭਾਵੇਂ ਤੁਹਾਡੇ ਕੋਲ ਆਪਣਾ ਜਾਂ ਕਿਰਾਏ ਤੇ ਇਕ ਤੋਂ ਵਧ ਘਰ ਹੋਵੇ। ਜੇ ਸਹੀ ਰਕਮ ਯਾਦ ਨਾ ਹੋਵੇ ਤਾਂ ਆਪਣਾ ਸਭ ਤੋਂ ਚੰਗਾ ਅੰਦਾਜ਼ਾ ਦਿਓ।

***ਨੋਟ:*** *ਜੇ ਤੁਸੀਂ ਜਾਂ ਇਸ ਘਰ ਦਾ ਕੋਈ ਖੇਤੀ ਦਾ ਕੰਮ ਕਰਦਾ ਹੈ ਅਤੇ ਉਸੇ ਖੇਤ ਤੇ ਰਹਿੰਦਾ ਹੈ ਤਾਂ* ***ਇੱਥੇ ਨਿਸ਼ਾਨ*** *ਲਗਾਓ* ➜ ❍ *ਅਤੇ ਅਗਲੇ ਸਫ਼ੇ ਤੇ* ***ਕਦਮ ਖ*** *ਵਲ ਜਾਓ।*

**ਗ 6. ਇਸ ਘਰ ਲਈ, ਏਹਨਾਂ ਲਈ ਸਾਲਾਨਾ (ਪਿਛਲੇ 12 ਮਹੀਨੇ) ਚੁਕੌਤਿਆਂ (ਪੇਮੈਂਟਸ) ਕੀ ਹਨ:**

(ੳ) ਬਿਜਲੀ?

❍ ਕੋਈ ਨਹੀਂ
❍ ਕਿਰਾਏ ਜਾਂ ਹੋਰ ਚੁਕੌਤਿਆਂ ਵਿੱਚ ਸ਼ਾਮਲ

**ਜਾਂ** ________ __________ .00 ਡਾਲਰ ਹਰ ਸਾਲ

(ਅ) ਤੇਲ, ਗੈਸ, ਕੋਲਾ, ਲਕੜੀ ਜਾਂ ਹੋਰ ਬਾਲਣ ਦਾ ਸਾਮਾਨ?

❍ ਕੋਈ ਨਹੀਂ
❍ ਕਿਰਾਏ ਜਾਂ ਹੋਰ ਚੁਕੌਤਿਆਂ ਵਿੱਚ ਸ਼ਾਮਲ

**ਜਾਂ** ________ __________ .00 ਡਾਲਰ ਹਰ ਸਾਲ

(ੲ) ਪਾਣੀ ਅਤੇ ਨਗਰਪਾਲਿਕਾ ਦੀਆਂ ਹੋਰ ਸੇਵਾਵਾਂ?

❍ ਕੋਈ ਨਹੀਂ
❍ ਕਿਰਾਏ ਜਾਂ ਹੋਰ ਚੁਕੌਤਿਆਂ ਵਿੱਚ ਸ਼ਾਮਲ

**ਜਾਂ** ________ __________ .00 ਡਾਲਰ ਹਰ ਸਾਲ

---

**ਗ 7. ਕੇਵਲ ਕਿਰਾਏਦਾਰਾਂ ਲਈ:**

ਇਸ ਘਰ ਲਈ **ਹਰ ਮਹੀਨੇ ਕਿਰਾਇਆ** ਕਿਤਨਾ ਦਿਤਾ ਜਾਂਦਾ ਹੈ?

❍ ਨਗਦੀ ਕਿਰਾਇਆ ਦਿੱਤੇ ਬਿਨ੍ਹਾਂ ਕਿਰਾਏ ਤੇ

**ਜਾਂ** ________ __________ .00 ਡਾਲਰ ਹਰ ਮਹੀਨੇ

---

**ਗ 8.** **ਕੇਵਲ ਮਾਲਕਾਂ ਲਈ, (ੳ) ਤੋਂ ਲੈ ਕੇ (ਕ) ਤਕ ਉੱਤਰ ਦਿਓ:**

(ੳ) ਇਸ ਘਰ ਦੀ ਮੋਰਗੇਜ ਜਾਂ ਕਰਜ਼ ਦੀ **ਮਹਾਵਾਰੀ** ਬਾਕਾਇਦਾ ਕੁਲ ਪੇਮੈਂਟ ਕੀ ਹੈ?

❍ ਕੋਈ ਨਹੀਂ → **ਭਾਗ** (ੲ) **ਵਲ ਜਾਓ**

**ਜਾਂ** _________ _____________ .00 ਡਾਲਰ ਹਰ ਮਹੀਨੇ

(ਅ) ਕੀ ਜਾਇਦਾਦ ਦੇ ਟੈਕਸ (ਨਗਰਪਾਲਿਕਾ ਅਤੇ ਸਕੂਲ) ਭਾਗ (ੳ) ਵਿੱਚ ਦੱਸੀ ਰਕਮ ਵਿੱਚ ਸ਼ਾਮਲ ਹਨ?

❍ ਹਾਂ → **ਭਾਗ** (ਸ) **ਵਲ ਜਾਓ**
❍ ਨਹੀਂ

(ੲ) ਇਸ ਘਰ ਲਈ ਅੰਦਾਜ਼ਨ **ਸਾਲਾਨਾ** ਜਾਇਦਾਦ ਦੇ ਟੈਕਸ (ਨਗਰਪਾਲਿਕਾ ਅਤੇ ਸਕੂਲ) ਕੀ ਹਨ?

❍ ਕੋਈ ਨਹੀਂ

**ਜਾਂ** _________ _____________ .00 ਡਾਲਰ ਹਰ ਸਾਲ

(ਸ) ਜੇ ਤੁਸੀਂ ਇਹ ਘਰ ਹੁਣ ਵੇਚਣਾ ਹੋਵੇ ਤਾਂ ਕਿਤਨੇ ਦਾ ਵੇਚਣ ਦੀ ਆਸ ਰੱਖਦੇ ਹੋ?

_______ ___________ ___________ .00 ਡਾਲਰ

(ਹ) ਕੀ ਇਹ ਘਰ ਰਜਿਸਟਰਡ ਕੋਂਡੋਮੀਨੀਅਮ ਦਾ ਭਾਗ ਹੈ?

❍ ਹਾਂ → **ਭਾਗ** (ਕ) **ਨਾਲ ਜਾਰੀ ਰਖੋ**
❍ ਨਹੀਂ → **ਅਗਲੇ ਸਫ਼ੇ ਤੇ ਕਦਮ ਖ ਵਲ ਜਾਓ**

(ਕ) **ਮਾਸਿਕ** ਕੋਂਡੋਮੀਨੀਅਮ ਫ਼ੀਸਾਂ ਕੀ ਹਨ?

❍ ਕੋਈ ਨਹੀਂ

**ਜਾਂ** _________ _____________ .00 ਡਾਲਰ ਹਰ ਮਹੀਨੇ

---

## ਕਦਮ ਖ

**ਤੁਸੀਂ ਹੁਣ ਆਪਣੀ ਪ੍ਰਸ਼ਨਵਲੀ ਪੂਰੀ ਭਰ ਲਈ ਹੈ।**

---

# ਭਾਗ 2

# ਪ੍ਰਸ਼ਨ ਪੁੱਛੇ ਜਾਣ ਦੇ ਕਾਰਣ

# ਪ੍ਰਸ਼ਨ ਪੁੱਛੇ ਜਾਣ ਦੇ ਕਾਰਣ

### ਕਦਮ ੳ

ਆਪਣੀ ਪ੍ਰਸ਼ਨਾਵਲੀ ਭਰਦਿਆਂ ਜੇਕਰ ਤੁਸੀਂ ਕੋਈ ਜਾਣਕਾਰੀ ਪੁਚਾਉਣਾ ਭੁਲ ਜਾਂਦੇ ਹੋ ਤਾਂ ਤੁਹਾਡੇ ਨਾਲ ਸੰਪਰਕ ਕਰਣ ਲਈ ਸਾਨੂੰ ਤੁਹਾਡੇ ਟੈਲੀਫ਼ੋਨ ਨੰਬਰ ਦੀ ਲੋੜ ਹੈ।

ਸਾਨੂੰ ਤੁਹਾਡੇ ਪਤੇ ਦੀ ਲੋੜ ਹੈ ਇਹ ਨਿਸਚਿਤ ਕਰਣ ਲਈ ਕੀ ਸਾਰੇ ਘਰ ਗਿਣੇ ਗਏ ਹਨ। ਆਪਣਾ ਪਤਾ ਕੇਵਲ ਤਾਂ ਭਰੋ ਜੇਕਰ ਪ੍ਰਸ਼ਨਾਵਲੀ ਦੇ ਕਵਰ ਦੇ ਸਫ਼ੇ ਤੇ ਕੋਈ ਪਤਾ ਨਹੀਂ ਦਿੱਤਾ ਗਿਆ ਜਾਂ ਮਈ 16, 2006 ਨੂੰ ਜਿਸ ਪਤੇ ਤੇ ਤੁਸੀਂ ਰਹੇ ਉਹ ਸਾਮ੍ਹਨੇ ਦੇ ਕਵਰ ਦੇ ਸਫ਼ੇ ਤੇ ਦਿੱਤੇ ਪਤੇ ਤੋਂ ਵੱਖਰਾ ਸੀ।

ਉਸ ਸੂਰਤ ਵਿੱਚ ਜਿਥੇ ਛਪਿਆ ਹੋਇਆ ਪਤਾ ਸਹੀ ਨਹੀਂ ਹੈ (ਟਾਈਪ ਕਰਦੇ ਗਲੀ ਦੇ ਨਾਵੇਂ ਵਿੱਚ ਗ਼ਲਤੀ ਹੋ ਗਈ ਜਾਂ ਗਲੀ ਟਾਈਪ ਕਰਦੇ ਕੋਈ ਗ਼ਲਤੀ ਹੋ ਗਈ ਹੈ) ਤਾਂ ਤੁਹਾਨੂੰ ਉੱਤਰ ਦੇਣ ਦੀ ਥਾਂ ਵਿੱਚ ਜਾਂ ਛਪੇ ਪਤੇ ਦੀ ਥਾਂ ਵਿੱਚ ਆਪਣਾ ਪਤਾ ਠੀਕ ਕਰਣ ਦੀ ਲੋੜ ਨਹੀਂ ਹੈ।

ਸੰਭਵ ਹੈ ਤੁਹਾਡੇ ਟੈਲੀਫ਼ੋਨ ਨੰਬਰ ਅਤੇ ਤੁਹਾਡੇ ਪਤੇ ਦੀ ਵਰਤੋਂ ਮਰਦਮਸ਼ੁਮਾਰੀ-ਉਪਰੰਤ ਪੈਮਾਇਸ਼ਾਂ ਵਿੱਚ ਵੀ ਕੀਤੀ ਜਾਵੇ।

### ਕਦਮ ਅ ਅਤੇ ੲ

ਏਹ ਕਦਮ ਤੁਹਾਨੂੰ ਫ਼ੈਸਲਾ ਕਰਣ ਵਿੱਚ ਸਹਾਇਤਾ ਕਰਦੇ ਹਨ ਕਿ ਤੁਹਾਡੀ ਪ੍ਰਸ਼ਨਾਵਲੀ ਵਿੱਚ ਕਿਸਨੂੰ ਸ਼ਾਮਲ ਕਰਣਾ **ਚਾਹੀਦਾ** ਹੈ ਅਤੇ ਕਿਸਨੂੰ ਸ਼ਾਮਲ **ਨਹੀਂ ਕਰਣਾ ਚਾਹੀਦਾ**। ਏਹ ਸਾਡੀ ਨਿਸਚਿਤ ਕਰਣ ਵਿੱਚ ਮਦਦ ਕਰਦੇ ਹਨ ਕਿ ਜਿਸ ਜਿਸ ਨੂੰ ਗਿਣਨ ਦੀ ਜ਼ਰੂਰਤ ਸੀ ਉਹ ਅਸੀਂ ਗਿਣ ਲਿਆ ਹੈ ਅਤੇ ਕਿਸੇ ਨੂੰ ਅਸੀਂ ਦੋ ਵਾਰੀ ਗਿਣਤੀ ਵਿੱਚ ਨਹੀਂ ਲਿਆਂਦਾ। ਕਿਰਪਾ ਕਰਕੇ ਆਪਣੀ ਪ੍ਰਸ਼ਨਾਵਲੀ ਦੇ ਦੂਜੇ ਸਫ਼ੇ ਤੇ ਪੁਚਾਈ ਹਦਾਇਤਾਂ 1, 2 ਅਤੇ 3 ਦਾ ਹਵਾਲਾ ਲਵੋ।

### ਕਦਮ ਸ

ਜੇ ਤੁਹਾਡੇ ਘਰ ਵਿੱਚ ਕੋਈ ਖੇਤੀ ਬਾੜੀ ਦਾ ਕੰਮ ਕਰਦਾ ਹੈ ਤਾਂ ਉਸਦਾ ਗਿਆਨ ਸਾਨੂੰ ਇਸ ਭਾਗ ਤੋਂ ਹੋ ਜਾਂਦਾ ਹੈ। ਇਸ ਨਾਲ ਇਹ ਵੀ ਪੱਕਾ ਹੋ ਜਾਂਦਾ ਹੈ ਕਿ ਅਸੀਂ ਖੇਤੀ ਬਾੜੀ ਦੀ ਮਰਦਮਸ਼ੁਮਾਰੀ ਲਈ ਸਾਰੇ ਖੇਤਾਂ ਦੀ ਗਿਣਤੀ ਕਰ ਲਈ ਹੈ।

### ਕਦਮ ਹ

ਵੱਡੇ ਅੱਖਰਾਂ ਦੀ ਵਰਤੋਂ ਕਰਦਿਆਂ ਕਿਰਪਾ ਕਰਕੇ ਕਦਮ ਅ ਵਿੱਚ ਪਹਿਲਾਂ ਤੋਂ ਦਿੱਤੇ ਸੂਚੀਬੱਧ ਨਾਂਵਾਂ ਦੀ ਨਕਲ ਕਰੋ ਜੋ ਤੁਸੀਂ **ਸਫ਼ੇ 4 ਧੁਰ ਉੱਪਰ ਪ੍ਰਸ਼ਨ 1** ਦਾ ਉੱਤਰ ਦੇਂਦੇ ਹੋਏ ਕੀਤੀ ਸੀ। ਕਿਰਪਾ ਕਰਕੇ ਨਾਵੇਂ ਉਹੀਓ ਤਰਤੀਬ ਵਿੱਚ ਰੱਖੋ। ਇਹ ਮਹੱਤਵ-ਪੂਰਨ ਹੈ ਕਿ ਤੁਹਾਡੇ ਘਰਬਾਰ ਦੇ ਮੈਂਬਰਾਂ ਲਈ ਪੁਚਾਏ ਆਂਕੜੇ ਤੁਹਾਡੇ ਦੁਆਰਾ ਦਿੱਤੇ ਸਭ ਵਿਅਕਤਿਆਂ ਦੇ ਨਾਵੇਂ ਅਨੁਸਾਰ ਹੋਣ। ਪ੍ਰਸ਼ਨਾਵਲੀ ਦੀ ਵਿਉਂਤ 5 ਜਾਂ ਘਟ ਵਿਅਕਤਿਆਂ ਦੇ ਘਰਬਾਰ ਲਈ ਕੀਤੀ ਗਈ ਹੈ। ਜੇਕਰ ਤੁਹਾਡੇ ਘਰਬਾਰ ਵਿੱਚ 5 ਵਿਅਕਤਿਆਂ ਤੋਂ ਵਧੀਕ ਵਿਅਕਤੀ ਹਨ, ਤੁਹਾਨੂੰ ਇੱਕ ਹੋਰ ਪ੍ਰਸ਼ਨਾਵਲੀ ਦੀ ਲੋੜ ਪਵੇਗੀ ਜੋ ਮਰਦਮਸ਼ੁਮਾਰੀ ਦੀ ਮਦਦ ਲਾਈਨ ਟੋਲ ਫ੍ਰੀ ਨੰਬਰ 1 877 594-2006 ਤੇ ਫ਼ੋਨ ਕਰਕੇ ਪ੍ਰਾਪਤ ਕੀਤੀ ਜਾ ਸਕਦੀ ਹੈ।

# ਪ੍ਰਸ਼ਨ

## ਅਬਾਦੀ ਦੀ ਬੁਨਿਆਦੀ ਜਾਣਕਾਰੀ

ਪ੍ਰਸ਼ਨ 1 ਵਿੱਚ ਘਰ ਦੇ ਹਰ ਜੀਅ ਦਾ ਨਾਮ ਪੁੱਛਿਆ ਗਿਆ ਹੈ ਤਾਂ ਕਿ ਨਾ ਤਾਂ ਕੋਈ ਰਹਿ ਜਾਏ ਅਤੇ ਨਾ ਹੀ ਕੋਈ ਦੁਬਾਰਾ ਗਿਣਿਆ ਜਾਏ।

2 ਤੋਂ 6 ਤਕ ਪ੍ਰਸ਼ਨ ਵਿੱਚ ਹਰ ਘਰਬਾਰ ਵਿੱਚ ਰਹਿ ਰਹੇ ਜੀਆਂ ਬਾਰੇ ਪੁਛਿਆ ਗਿਆ ਹੈ। ਇਨ੍ਹਾਂ ਪ੍ਰਸ਼ਨਾ ਰਾਹੀਂ ਅਸੀਂ ਕੈਨੇਡਾ ਵਿੱਚ ਰਹਿ ਰਹੇ ਲੋਕਾਂ ਸੰਬੰਧੀ ਗਿਆਨ ਪ੍ਰਾਪਤ ਕਰ ਸਕਦੇ ਹਾਂ ਜਿਵੇਂ ਉਨ੍ਹਾਂ ਦੇ ਰਹਿਣ ਸਹਿਣ ਦੇ ਢੰਗ, ਪ੍ਰਵਾਰ ਵਿੱਚ ਜੀਆਂ ਦੀ ਗਿਣਤੀ, ਇਕ ਜਾਂ ਦੋ ਮਾਪਿਆਂ ਨਾਲ ਰਹਿ ਰਹੇ ਬਚਿਆਂ ਦੀ ਗਿਣਤੀ, ਅਤੇ ਇਕੱਲੇ ਰਹਿ ਰਹੇ ਲੋਕਾਂ ਦੀ ਗਿਣਤੀ। ਇਸ ਜਾਣਕਾਰੀ ਦੀ ਵਰਤੋਂ ਬੁਢ-ਵਰੇਸ ਸੁਰੱਖਿਆ ਅਤੇ ਬਾਲ ਕਰ ਲਾਹੇ ਅਜੇਹੇ ਪ੍ਰੋਗਰਾਮਾਂ ਦੀ ਯੋਜਨਾ ਕਰਣ ਲਈ ਹੁੰਦੀ ਹੈ। ਇਸ ਜਾਣਕਾਰੀ ਦੀ ਵਰਤੋਂ ਨਾਲੇ ਕਸਬਿਆਂ ਅਤੇ ਸ਼ਹਿਰਾਂ ਦੁਆਰਾ ਬਾਲਾਂ ਦੇ ਰੋਜ਼ਾਨਾ ਦੇਖ-ਭਾਲ ਕੇਂਦਰਾਂ, ਸਕੂਲਾਂ ਅਤੇ ਬਜ਼ੁਰਗ ਨਾਗਰਿਕਾਂ ਦੇ ਘਰਾਂ ਅਜੇਹੀ ਕਈ ਪ੍ਰਕਾਰ ਦੀਆਂ ਸੇਵਾਵਾਂ ਦੀ ਯੋਜਨਾ ਕਰਣ ਪ੍ਰਤੀ ਵੀ ਹੁੰਦੀ ਹੈ।

## ਰੋਜ਼ਾਨਾ ਜੀਵਨ ਦੀ ਸਰਗਰਮਿਆਂ

ਪ੍ਰਸ਼ਨ 7 ਅਤੇ 8 ਕੈਨੇਡਾ ਵਿੱਚ ਓਹਨਾਂ ਲੋਕਾਂ ਦੀ ਗਿਣਤੀ ਸੰਬੰਧੀ ਜਾਣਕਾਰੀ ਪੁਚਾਉਂਦੇ ਹਨ ਜਿਨ੍ਹਾਂ ਨੂੰ ਰੋਜ਼ਾਨਾ ਜੀਵਨ ਦੀ ਸਰਗਰਮਿਆਂ ਕਰਣ ਵਿੱਚ ਮੁਸ਼ਕਲਾਂ ਹਨ ਅਤੇ ਜਿਨ੍ਹਾਂ ਦੀ ਸਰਗਰਮਿਆਂ ਕੋਈ ਸਰੀਰਕ ਅਵਸਥਾ, ਮਾਨਸਿਕ ਅਵਸਥਾ ਜਾਂ ਕੋਈ ਹੋਰ ਸੇਹਤ ਨਾਲ ਸੰਬੰਧਤ ਸਮੱਸਿਆ ਕਾਰਣ ਘਟ ਗਿਆਂ ਹਨ। ਸਟੇਟਿਸਟਿਕਸ ਕੈਨੇਡਾ ਦੁਆਰਾ ਨਤੀਜਿਆਂ ਦੀ ਵਰਤੋਂ ਏਹਨਾਂ ਲੋਕਾਂ ਦਾ ਪ੍ਰਤੀ ਦਿਨ ਦੀ ਜਿੰਦੜੀ ਵਿੱਚ ਆਉਂਦੀ ਰੋਕਾਂ ਦਾ ਸਾਮਨਾ ਕਰਣ ਸੰਬੰਧੀ ਵਧੀਕ ਮਲੂਮ ਕਰਣ ਲਈ ਕੀਤੀ ਜਾਂਦੀ ਹੈ।

## ਸਮਾਜਕ-ਸਭਿਆਚਾਰਕ ਜਾਣਕਾਰੀ

ਪ੍ਰਸ਼ਨ 9 ਤੋਂ 21 ਕੈਨੇਡਾ ਦੀ ਅਬਾਦੀ ਦੀ ਸਮਾਜਕ ਅਤੇ ਸਭਿਆਚਾਰਕ ਤਸਵੀਰ ਪੇਸ਼ ਕਰਦੇ ਹਨ।

ਪ੍ਰਸ਼ਨ 9 ਵਿੱਚ ਲੋਕਾਂ ਤੋਂ ਓਹਨਾਂ ਦੇ ਜਨਮ ਸਥਾਨ ਬਾਰੇ ਪੁੱਛਿਆ ਗਿਆ ਹੈ ਕਿ ਉਹ ਕੈਨੇਡਾ ਦੇ ਕਿਹੜੇ ਸੂਬੇ ਜਾਂ ਇਲਾਕੇ, ਜਾਂ ਕੈਨੇਡਾ ਤੋਂ ਬਾਹਰ ਕਿਸ ਦੇਸ਼ ਵਿੱਚ ਪੈਦਾ ਹੋਏ ਸਨ। ਇਸ ਜਾਣਕਾਰੀ ਨਾਲ ਸਾਨੂੰ ਕੈਨੇਡਾ ਦੇ ਅੰਦਰਵਾਰ ਅਤੇ ਕੈਨੇਡਾ ਤੇ ਹੋਰ ਦੇਸ਼ਾਂ ਵਿਚਕਾਰ ਅਬਾਦੀ ਦੀ ਹਿਲ-ਜੁਲ ਬਾਰੇ ਜਾਣਕਾਰੀ ਮਿਲਦੀ ਹੈ। ਇਸ ਤੋਂ ਨਾਲੇ ਕੈਨੇਡਾ ਦੀ ਅਬਾਦੀ ਦੀ ਭਿੰਨਤਾ ਸੰਬੰਧੀ ਵੀ ਜਾਣਕਾਰੀ ਮਿਲਦੀ ਹੈ।

ਪ੍ਰਸ਼ਨ 10 ਸਾਨੂੰ ਕੈਨੇਡਾ ਦੀ ਅਬਾਦੀ ਦੀ ਨਾਗਰਿਕਤਾ ਬਾਰੇ ਦੱਸਦਾ ਹੈ। ਇਸ ਜਾਣਕਾਰੀ ਨਾਲ ਸਾਨੂੰ ਚੋਣਾਂ ਲਈ ਯੋਜਨਾ ਕਰਣ ਵਿੱਚ ਸਹਾਇਤਾ ਮਿਲਦੀ ਹੈ, ਉਮਰ ਸੰਬੰਧੀ ਇੱਕਠੀ ਕੀਤੀ ਸਮਗਰੀ ਨਾਲ ਇਸ ਨੂੰ ਮਿਲਾ ਕੇ ਅਸੀਂ ਸੰਭਵ ਵੋਟ ਪਾਉਣ ਵਾਲਿਆਂ ਦੀ ਗਿਣਤੀ ਕਰ ਸਕਦੇ ਹਾਂ। ਇਸ ਪ੍ਰਸ਼ਨ ਤੋਂ ਮਿਲੀ ਜਾਣਕਾਰੀ ਨਾਲ ਨਾਗਰਿਕਤਾ ਦੀਆਂ ਜਮਾਤਾਂ ਅਤੇ ਹੋਰ ਪ੍ਰੋਗਰਾਮਾਂ ਦੀ ਰੂਪ ਰੇਖਾ ਉਲੀਕਣ ਵਿੱਚ ਵੀ ਮਦਦ ਮਿਲਦੀ ਹੈ।

ਪ੍ਰਸ਼ਨ 11 ਅਤੇ 12 ਸਾਨੂੰ ਦੱਸਦੇ ਹਨ ਕਿ ਕੈਨੇਡਾ ਵਿੱਚ ਆਵਾਸੀਆਂ ਅਤੇ ਆਰਜ਼ੀ ਰਹਾਇਸ਼ੀਆਂ ਦੀ ਗਿਣਤੀ ਕਿਤਨੀ ਹੈ, ਅਤੇ ਨਾਲ ਹੀ ਉਸ ਸਾਲ ਬਾਰੇ ਜਦੋਂ ਲੋਕ ਕੈਨੈਡਾ ਦੇ ਆਵਾਸੀ ਬਣੇ। ਅਕਸਰ ਮਰਦਮਸ਼ੁਮਾਰੀ ਦੀ ਹੋਰ ਸਮਗਰੀ ਨਾਲ ਏਹਨਾਂ ਪ੍ਰਸ਼ਨਾਂ ਤੋਂ ਮਿਲੀ ਜਾਣਕਾਰੀ ਨੂੰ ਮਿਲਾ ਕੇ ਆਵਾਸੀਆਂ ਦੀ ਸਮਾਜਕ-ਆਰਥਕ ਸਥਿਤੀ ਦੀ ਤੁਲਨਾ ਲੰਮੇ ਸਮੇਂ ਤਕ ਕੀਤੀ ਜਾਂਦੀ ਹੈ, ਆਵਾਸੀ, ਰੋਜ਼ਗਾਰ ਅਤੇ ਹੋਰ ਪ੍ਰੋਗਰਾਮਾਂ ਦੀਆਂ ਨੀਤੀਆਂ ਦਾ ਅਧਿਅਨ ਕੀਤਾ ਜਾਂਦਾ ਹੈ, ਅਤੇ ਨਾਲ ਹੀ ਸਿਖਿਆ ਸੇਹਤ ਅਤੇ ਹੋਰ ਸੇਵਾਵਾਂ ਸੰਬੰਧੀ ਯੋਜਨਾਵਾਂ ਬਣਾਈਆਂ ਜਾਂਦੀਆ ਹਨ।

ਪ੍ਰਸ਼ਨ 13 ਤੋਂ 16 ਦੀ ਵਰਤੋਂ *ਅਧਿਕਾਰਾਂ ਅਤੇ ਖੁਲ੍ਹਾਂ ਦੇ ਕੈਨੇਡੀਅਨ ਅਧਿਕਾਰ-ਪੱਤਰ* ਦੇ ਅਧੀਨ ਕਨੇਡੀਅਨਾਂ ਦੇ ਅਧਿਕਾਰਾਂ ਦੀ ਰੱਖਿਆ ਲਈ ਪ੍ਰੋਗਰਾਮ ਬਣਾਉਣ ਵਾਸਤੇ ਕੀਤੀ ਜਾਂਦੀ ਹੈ। ਇਸ ਜਾਣਕਾਰੀ ਤੋਂ ਨਾਲੇ ਭਾਸ਼ਾ ਦੀ ਸਿਖਲਾਈ ਅਤੇ ਅੰਗ੍ਰੇਜ਼ੀ ਜਾਂ ਫ੍ਰੈਂਚ ਭਾਸ਼ਾਵਾਂ ਵਿੱਚ ਸੇਵਾਵਾਂ ਦੀ ਲੋੜ ਤੈਅ ਕਰਣ ਵਿੱਚ ਵੀ ਮਦਦ ਮਿਲਦੀ ਹੈ।

ਪ੍ਰਸ਼ਨ 17 ਤੋਂ ਕੈਨੇਡਾ ਦੀ ਅਬਾਦੀ ਦੀ ਨਸਲੀ ਅਤੇ ਸਭਿਆਚਾਰਕ ਭਿੰਨਤਾ ਦੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਇਸ ਪ੍ਰਸ਼ਨ ਵਜੋਂ *ਮਲਟੀਕਲਚਰਲਿਜ਼ਮ ਐਕਟ* ਅਤੇ *ਅਧਿਕਾਰਾਂ ਅਤੇ ਖੁਲ੍ਹਾਂ ਦੇ ਕੈਨੇਡੀਅਨ ਅਧਿਕਾਰ-ਪੱਤਰ* ਨੂੰ ਲਾਗੂ ਕਰਨ ਲਈ ਲੁੜੀਂਦੀ ਜਾਣਕਾਰੀ ਦਾ ਸੰਗ੍ਰਹ ਸੰਭਵ ਹੁੰਦਾ ਹੈ। ਇਸਦੀ ਵਰਤੋਂ ਨਾਲੇ ਨਸਲੀ ਅਤੇ ਸਭਿਆਚਾਰਕ ਸੰਸਥਾਵਾਂ ਅਤੇ ਨਾਲ ਹੀ ਏਜੰਸਿਆਂ ਅਤੇ ਖੋਜਿਆਂ ਦੁਆਰਾ ਵੀ ਸੇਹਤ ਵਧਾਉਣ, ਸੰਚਾਰ-ਸਾਧਨਾਂ ਅਤੇ ਖਰੀਦੋ ਫ਼ਰੋਖ਼ਤ ਅਜੇਹੀ ਸਰਗਰਮਿਆਂ ਲਈ ਬੜੀ ਖੁਲ੍ਹ ਕੇ ਹੁੰਦੀ ਹੈ।

ਪ੍ਰਸ਼ਨ 18, 20 ਅਤੇ 21 ਆਦਿ-ਵਾਸੀ ਲੋਕਾਂ (ਉੱਤਰੀ-ਅਮਰੀਕਨ ਇੰਡੀਅਨ, ਮੀਟਿਸ, ਇਨੁਇਟ) ਸੰਬੰਧੀ ਜਾਣਕਾਰੀ ਪੁਚਾਉਂਦੇ ਹਨ ਜਿਸ ਦੀ ਵਰਤੌਂ *ਇੰਡੀਅਨ ਐਕਟ* ਅਤੇ *ਇੰਪਲਾਇਮੈਂਟ ਐਕੁਟੀ ਐਕਟ* ਦੇ ਅਧੀਨ ਕਨੂੰਨ ਘੜਣ ਅਤੇ ਰੋਜ਼ਗਾਰ ਸੰਬੰਧੀ ਪ੍ਰੋਗਰਾਮਾਂ ਦਾ ਪ੍ਰਬੰਧ ਕਰਣ ਲਈ ਹੁੰਦੀ ਹੈ। ਜਾਣਕਾਰੀ ਦੀ ਵਰਤੋਂ ਨਾਲੇ ਖੋਜਿਆਂ, ਆਦਿ-ਵਾਸੀ ਸਰਕਾਰਾਂ ਅਤੇ ਸੰਸਥਾਵਾਂ ਦੁਆਰਾ ਕਈ ਕਿਸਮਾ ਦੇ ਜਨ-ਅੰਕਣ ਅਤੇ ਸਮਾਜਕ-ਆਰਥਕ ਮਸਲਿਆਂ ਦੀ ਛਾਣ-ਬੀਣ ਕਰਣ ਲਈ ਵੀ ਹੁੰਦੀ ਹੈ।

ਪ੍ਰਸ਼ਨ 19 ਸਾਨੂੰ ਕੈਨੇਡਾ ਵਿੱਚ ਪ੍ਰਤੱਖ ਘੱਟ ਗਿਣਤੀ ਅਬਾਦੀ ਦੇ ਜੁੱਟਾਂ ਸੰਬੰਧੀ ਦੱਸਦਾ ਹੈ। ਇਸ ਜਾਣਕਾਰੀ ਦੀ ਲੋੜ *ਇੰਪਲਾਇਮੈਂਟ ਐਕੁਟੀ ਐਕਟ* ਅਧੀਨ ਓਹਨਾਂ ਪ੍ਰੋਗਰਾਮਾਂ ਲਈ ਹੈ ਜੋ ਹਰ ਕਿਸੇ ਲਈ ਸਮਾਨ ਅਉਸਰਾਂ ਨੂੰ ਉੱਤੇ ਚੁੱਕਦੇ ਹਨ।

## ਗਤੀਸ਼ੀਲਤਾ

ਪ੍ਰਸ਼ਨ 23 ਅਤੇ 24 ਸਾਨੂੰ ਦੱਸਦੇ ਹਨ ਕਿ ਕੈਨੇਡਾ ਵਿੱਚ ਰਹਿ ਰਹੇ ਲੋਕ ਕੈਨੇਡਾ ਵਿੱਚ ਅਤੇ ਕੈਨੇਡਾ ਤੋਂ ਬਾਹਰ ਕਿੱਥੇ ਕਿੱਥੇ ਆ ਜਾ ਰਹੇ ਹਨ। ਇਸ ਜਾਣਕਾਰੀ ਦੀ ਵਰਤੋਂ ਮਰਦਮਸ਼ੁਮਾਰੀਆ ਦੇ ਵਿਚਕਾਰ ਕੌਮੀ, ਸੂਬਾਈ ਅਤੇ ਰਾਜ-ਖੇਤਰਾਂ ਦੀ ਪੱਧਰ ਤੇ ਅਬਾਦੀ ਦਾ ਅੰਦਾਜ਼ਾ ਲਗਾਉਣ ਵਿੱਚ ਹੁੰਦੀ ਹੈ। ਇਸ ਦੀ ਵਰਤੋਂ ਨਾਲੇ ਘਰ-ਘਾਟ, ਸਿਖਿਆ, ਢੋਆ ਢਾਈ ਅਤੇ ਸਮਾਜਕ ਸੇਵਾਵਾਂ ਲਈ ਭੱਵਿਖ ਜ਼ਰੂਰਤਾਂ ਜਾਣਨ ਲਈ ਅਤੇ ਓਹਨਾਂ ਪ੍ਰੋਗਰਾਮਾ ਪ੍ਰਤੀ ਦਿੱਤ ਵੀ ਹੁੰਦੀ ਹੈ ਜਿਨ੍ਹਾਂ ਦਾ ਪ੍ਰਬੰਧ *ਫ਼ਿਸਕਲ ਅਰੇਂਜਮੈਂਟਸ ਐਕਟ* ਅਧੀਨ ਕੀਤਾ ਜਾਂਦਾ ਹੈ।

## ਮਾਪਿਆਂ ਦਾ ਜਨਮ ਸਥਾਨ

ਪ੍ਰਸ਼ਨ 25 ਕੈਨੇਡਾ ਵਿੱਚ ਪੈਦਾ ਹੋਏ ਓਹਨਾਂ ਵਿਅਕਤਿਆਂ ਦੀ ਗਿਣਤੀ ਦੱਸਦਾ ਹੈ ਜਿਨ੍ਹਾਂ ਦੇ ਮਾਪੇ ਕੈਨੇਡਾ ਤੋਂ ਬਾਹਰ ਪੈਦਾ ਹੋਏ ਸਨ। ਇਸ ਪ੍ਰਸ਼ਨ ਤੋਂ ਪ੍ਰਾਪਤ ਹੋਈ ਜਾਣਕਾਰੀ ਦੀ ਵਰਤੋਂ ਕਨੇਡੀਅਨਾਂ ਦੀ ਦੂਜੀ ਪੀੜੀ ਦੀ ਸਮਾਜਕ-ਆਰਥਕ ਹਾਲਤਾਂ ਮਿਥਣ ਵਿੱਚ ਵੀ ਕੀਤੀ ਜਾ ਸਕਦੀ ਹੈ।

## ਸਿਖਿਆ

ਪ੍ਰਸ਼ਨ 26 ਤੋਂ 32 ਸਾਨੂੰ ਕੈਨੇਡਾ ਵਿੱਚ ਰਹਿ ਰਹੇ ਲੋਕਾਂ ਦੀ ਸਿਖਿਆ, ਸਿਖਲਾਈ ਅਤੇ ਓਹਨਾਂ ਦੇ ਰੋਜ਼ਗਾਰ ਨਾਲ ਸੰਬੰਧਤ ਵਿਸ਼ੇਸ਼ ਮਹਾਰਤਾਂ ਬਾਰੇ ਦੱਸਦੇ ਹਨ। ਸਰਕਾਰਾਂ ਅਤੇ ਕਾਰਦਾਤੇ ਇਸ ਜਾਣਕਾਰੀ ਦੀ ਵਰਤੋਂ ਮੂੱਲ ਪਾਉਣ ਲਈ ਕਰਦੇ ਹਨ ਕਿ ਕੀ ਵਿਸ਼ੇਸ਼ ਕੰਮ-ਖੇਤਰ ਵਿੱਚ ਅਜਿਹੇ ਲੋਕ ਕਾਫ਼ੀ ਹਨ ਜਿਨ੍ਹਾਂ ਕੋਲ ਲੋੜੀਂਦੀ ਸਿਖਿਆ, ਸਿਖਲਾਈ ਅਤੇ ਰੋਜ਼ਗਾਰ ਨਾਲ ਸੰਬੰਧਤ ਮਹਾਰਤਾ ਹੈ। ਇਸ ਨਾਲ ਤਦ ਉਹ ਸਾਡੇ ਕੰਮ-ਖੇਤਰ ਦੀਆਂ ਬਦਲ ਰਹੀਆਂ ਜ਼ਰੂਰਤਾਂ ਨੂੰ ਮੁੱਖ ਰੱਖ ਕੇ ਯੋਗ ਸਿਖਲਾਈ ਦੇ ਪ੍ਰੋਗਰਾਮਾਂ ਨੂੰ ਪੁੰਗਾਰਣ ਦੇ ਯੋਗ ਹੋ ਜਾਂਦੇ ਹਨ।

ਪ੍ਰਸ਼ਨ 32, ਜੋ ਸਕੂਲ ਦੀ ਹਾਜ਼ਰੀ ਸੰਬੰਧੀ ਜਾਣਕਾਰੀ ਪੁਚਾਉਂਦਾ ਹੈ, ਦੀ ਲੋੜ *ਕੈਨੇਡਾ ਸਟੂਡੈਂਟ ਲੋਨਜ਼ ਐਕਟ* ਅਧੀਨ ਸੈਂਕਡਰੀ ਸਕੂਲ ਤੋਂ ਬਾਅਦ ਦੀ ਅਤੇ ਬਾਲਗ ਸਿਖਿਆ ਪ੍ਰੋਗਰਮਾਂ ਦੀ ਯੋਜਨਾ ਅਤੇ ਖਰਚ ਦੀ ਰੂਪ ਰੇਖਾ ਉਲੀਕਣ ਲਈ ਹੈ। ਇਸ ਦੀ ਵਰਤੋਂ ਨਾਲੇ ਪਰੇਰਕ ਪ੍ਰੋਗਰਾਮਾਂ ਨੂੰ ਪੁੰਗਾਰਣ ਲਈ ਵੀ ਹੁੰਦੀ ਹੈ ਜੋ ਲੋਕਾਂ ਨੂੰ ਸਕੂਲ ਵਿੱਚ ਰਹਿ ਕੇ ਪੜ੍ਹਾਈ ਜਾਰੀ ਰੱਖਣ ਜਾਂ ਮੁੜ ਸਕੂਲ ਜਾਣ ਵਿੱਚ ਮਦਦ ਕਰਦੇ ਹਨ।

## ਘਰਬਾਰ ਸਰਗਰਮਿਆਂ

ਪ੍ਰਸ਼ਨ 33 ਜਾਣਕਾਰੀ ਪੁਚਾਉਂਦਾ ਹੈ ਕਿ ਲੋਕ ਕਿਤਨਾ ਕੁ ਸਮਾਂ ਘਰ ਦੇ ਓਹਨਾਂ ਕੰਮਾ ਵਿੱਚ ਲਗਾਉਂਦੇ ਹਨ ਜਿਨ੍ਹਾਂ ਦੇ ਕਰਣ ਨਾਲ ਓਹਨਾਂ ਨੂੰ ਕੋਈ ਆਮਦਨ ਨਹੀਂ ਮਿਲਦੀ। ਜਦੋਂ ਇਸ ਜਾਣਕਾਰੀ ਨੂੰ ਆਮਦਨ ਲੈਣ ਵਾਲੇ ਕੰਮ ਸੰਬੰਧੀ ਜਾਣਕਾਰੀ ਨਾਲ ਮਿਲਾਇਆ ਜਾਂਦਾ ਹੈ ਤਾਂ ਇਹ ਜਾਣਕਾਰੀ ਇਕ ਤਸਵੀਰ ਵਾਂਗ ਸਪੱਸ਼ਟ ਹੋ ਜਾਂਦੀ ਹੈ ਕਿ ਕੈਨੇਡਾ ਵਾਸੀ ਕਿਵੇਂ ਆਪਣੇ ਆਮਦਨ ਵਾਲੇ ਅਤੇ ਗ਼ੈਰ-ਆਮਦਨ ਵਾਲੇ ਕੰਮ ਵਿੱਚ ਸੰਤੁਲਨ ਬਣਾਉਂਦੇ ਹਨ।

## ਮਜੂਰ ਬਜ਼ਾਰ ਦੀ ਸਰਗਰਮਿਆਂ

34 ਤੋਂ 50 ਤਕ ਦੇ ਪ੍ਰਸ਼ਨਾਂ ਵਜੋਂ **15 ਸਾਲ ਅਤੇ ਵੱਧ ਉਮਰ** ਦੇ **ਆਮਦਨ ਲੈਣ ਵਾਲੇ ਅਤੇ ਸਵੈ-ਨੌਕਰ ਕੰਮ** ਕਰਣ ਵਾਲੇ ਲੋਕਾਂ ਦੁਆਰਾ ਕੀਤੇ ਕੰਮ ਸੰਬੰਧੀ ਜਾਣਕਾਰੀ ਇਕੱਠੀ ਹੁੰਦੀ ਹੈ। ਇਹ ਜਾਣਕਾਰੀ ਵਪਾਰਾਂ ਤੇ ਸਰਕਾਰਾਂ ਦੋਹਾਂ ਲਈ ਹਰ ਪੱਧਰ ਤੇ ਮਹੱਤਵ-ਪੂਰਨ ਹੈ ਕਿਉਂਕਿ ਇਸ ਰਾਹੀਂ ਉਹ ਸਿਖਿਆ ਤੇ ਸਿਖਲਾਈ ਦੇ ਪ੍ਰੋਗਰਾਮ, ਭਾਸ਼ਾ ਦੀ ਵਰਤੋਂ ਸੰਬੰਧੀ ਅਨੁਮਾਨ, ਭਵਿੱਖ ਵਿੱਚ ਰੋਜ਼ਗਾਰ ਦੇ ਮੌਕਿਆਂ ਬਾਰੇ ਅੰਦਾਜ਼ਾ, ਸੁਯੋਗ ਢੋਆ ਢਾਈ ਤੇ ਅਦਲਾ-ਬਦਲੀ ਦੀ ਪ੍ਰਣਾਲੀਆਂ ਲਈ ਯੋਜਨਾਵਾਂ ਬਨਾਉਣੀਆਂ, ਅਤੇ ਸਾਰੇ ਦੇਸ਼ ਦੇ ਬਰਾਦਰਿਆਂ ਵਿੱਚ ਰੋਜ਼ਗਾਰ ਸਿਰਜਣ ਕਰਣ ਦੇ ਵਸੀਲਿਆਂ ਦਾ ਨਿਰਮਾਣ ਕਰਦੇ ਹਨ।

## 2005 ਵਿੱਚ ਆਮਦਨ

ਪ੍ਰਸ਼ਨ 51 ਅਤੇ 52 ਸ੍ਰੋਤ ਹੈ ਜਿਸ ਤੋਂ ਕੈਨੈਡਾ ਦੇ ਸਾਰੇ ਲੋਕਾਂ, ਓਹਨਾਂ ਦੇ ਪਰਵਾਰਾਂ ਅਤੇ ਘਰਾਂ ਦੀ ਆਮਦਨ ਦੇ ਅੰਕੜਿਆ ਦਾ ਵੇਰਵਾ ਮਿਲਦਾ ਹੈ। ਆਮਦਨ ਕਰ ਦੇ ਲਿਖਿਤ ਵਿਵਰਣ ਨਾ ਤਾਂ ਸਾਰੇ ਲੋਕਾਂ ਬਾਰੇ ਦੱਸਦੇ ਹਨ ਅਤੇ ਨਾ ਹੀ ਓਹ ਆਮਦਨ ਵਾਲੇ ਵਿਅਕਤਿਆਂ ਦੀਆਂ ਮਹਤੱਵ-ਪੂਰਨ ਵਿਸ਼ੇਸ਼ਤਾਵਾਂ ਸੰਬੰਧੀ ਕੋਈ ਜਾਣਕਾਰੀ ਦੇਂਦੇ ਹਨ।

ਸਰਕਾਰ ਜਾਣਕਾਰੀ ਦੀ ਵਰਤੋਂ ਬਿਰਧ ਉਮਰ ਸੁਰੱਖਿਆ ਪਿਨਸ਼ਨ (ਓਲਡ ਏਜ ਸਕਿਉਰੀਟੀ ਪੈਨਸ਼ਨ), ਸੂਬਾਈ ਆਮਦਨੀ ਵਾਧੇ (ਪ੍ਰਾਵਿੰਸਲ ਇਨਕਮ ਸਪਲੀਮੈਂਟਜ਼) ਅਤੇ ਸ਼ਮਾਜਕ ਸਹਾਇਤਾ ਚੁਕੌਤਿਆਂ (ਸੋਸ਼ਲ ਅਸਿਸਟੈਂਸ ਪੇਮੈਂਟਜ਼) ਅਜੇਹੇ ਆਮਦਨੀ ਸਹਾਰਾ ਪ੍ਰੋਗਰਾਮਾਂ ਨੂੰ ਪੁੰਗਾਰਣ ਪ੍ਰਤੀ ਕਰਦੀ ਹੈ। ਆਮਦਨੀ ਅੰਕੜੇ ਨਿਸਚਿਤ ਕਰਣ ਵਿੱਚ ਮਦਦ ਕਰਦੇ ਹਨ ਕਿ ਪਰਵਾਰ ਆਮਦਨੀ ਵਿੱਚ ਵਾਧੇ ਕਰਣ ਵਾਲੇ ਪ੍ਰੋਗਰਾਮ ਸੁਯੋਗਤਾ ਨਾਲ ਇੰਜ ਕਰਦੇ ਰਹਿਣ। ਓਹ ਨਾਲੇ ਤਨਖ਼ਾਹ ਹੱਕ-ਨਿਆਂ (ਪੇ ਐਕੁਇਟੀ) ਅਤੇ ਘਰ-ਮਕਾਨ ਪ੍ਰੋਗਰਾਮਾਂ (ਹਾਊਸਿੰਗ ਪ੍ਰੋਗਰਾਮਜ਼) ਅਜੇਹੇ ਹੋਰ ਪ੍ਰੋਗਰਾਮਾਂ ਦਾ ਮੁੱਲ ਪਾਉਣ ਵਿੱਚ ਮਦਦ ਕਰਦੇ ਹਨ ਅਤੇ ਦੇਸ਼ ਵਿੱਚ ਓਹ ਖੇਤਰਾਂ ਦੀ ਸਿਆਣ ਕਰਦੇ ਹਨ ਜਿਨ੍ਹਾਂ ਨੂੰ ਮਦਦ ਦੀ ਲੋੜ ਹੈ।

ਵਪਾਰ ਆਮਦਨੀ ਅੰਕੜੇਆਂ ਦੀ ਵਰਤੋਂ, ਵਰਤਣ ਵਾਲੇ ਢੁਕਵੇਂ ਜੁੱਟਾਂ ਦੇ ਨੇੜੇ ਪਰਚੂਣ ਅਤੇ ਥੋਕ ਥਾਂਵਾਂ ਦਾ ਪਤਾ ਕੱਢਣ ਅਤੇ ਵਸਤਾਂ ਅਤੇ ਸੇਵਾਵਾਂ ਲਈ ਸੰਭਾਵਿਕ ਬਜ਼ਾਰਾਂ ਦਾ ਤੈਅ ਕਰਣ ਪ੍ਰਤੀ ਕਰਦੇ ਹਨ।

ਮਜੂਰ ਏਕੇ (ਲੇਬਰ ਯੂਨੀਅਨਜ਼) ਅਤੇ ਵਪਾਰ ਆਮਦਨੀ ਅੰਕੜੇਆਂ ਦੀ ਵਰਤੋਂ ਕੰਮ-ਧੰਦੇ ਵਾਲੇ ਜੁੱਟਾਂ ਲਈ ਮਜੂਰੀ ਸਮਝੌਤੇ ਸਾਕਾਰਨ ਅਤੇ ਹਾਣ-ਪੂਰਤੀ ਲਈ ਦਾਅਵੇਆਂ ਨੂੰ ਨਬੇੜਣ ਪ੍ਰਤੀ ਕਰਦੇ ਹਨ।

ਸਮਾਜਕ ਮਦਦ ਦੇ ਲੁੜੀਂਦੇ ਕਨੇਡੀਅਨਾਂ ਦੀ ਪ੍ਰਤਿਨਿਧਤਾ ਕਰਣ ਵਾਲੀ ਸੰਸਥਾਵਾਂ ਅਕਸਰ ਆਪਣੇ ਮਾਮਲੇ ਮਰਦਮਸ਼ੁਮਾਰੀ ਤੋਂ ਪ੍ਰਾਪਤ ਆਮਦਨੀ ਅੰਕੜੇਆਂ ਦੇ ਅਧਾਰ ਤੇ ਕਰਦੇ ਹਨ।

ਆਮਦਨੀ ਅੰਕੜੇਆਂ ਦੀ ਵਰਤੋਂ ਵਿਅਕਤੀ ਆਪਣੀ ਨਿਜ਼ੀ ਆਮਦਨੀ ਦੀ ਤੁਲਨਾ ਆਪਣੇ ਕੰਮ-ਧੰਦੇ, ਆਪਣੇ ਇਲਾਕੇ ਜਾਂ ਸਮੁੱਚੇ ਦੇਸ਼ ਦੀ ਔਸਤ ਆਮਦਨੀ ਨਾਲ ਕਰ ਸਕਦੇ ਹਨ।

**ਜ਼ਾਤੀ ਜਾਂ ਸਿਆਣਯੋਗ ਜਾਣਕਾਰੀ ਕਦੀ ਵੇਚੀ ਜਾਂ ਡਾਕ ਰਾਹੀ ਲੋਕਾਂ ਤੀਕ ਅਪੜਣ ਦੀ ਸੂਚੀ ਵਿੱਚ ਨਹੀਂ ਦਿੱਤੀ ਜਾਂਦੀ।**
**ਕਿਸੇ ਨੂੰ ਵੀ, ਸਮੇਤ ਕੈਨੇਡਾ ਰੈਵਨਿਊ ਏਜੰਸੀ (ਸੀ ਆਰ ਏ) ਅਜੇਹੇ ਹੋਰ ਸਰਕਾਰੀ ਵਿਭਾਗਾਂ ਨੂੰ, ਮਰਦਮਸ਼ੁਮਾਰੀ ਵਿੱਚ ਇਕੱਠੀ ਕੀਤੀ ਆਮਦਨੀ ਜਾਂ ਜ਼ਾਤੀ ਜਾਣਕਾਰੀ ਤੀਕ ਪਹੁੰਚ ਨਹੀਂ ਹੈ। ਤੁਹਾਡੇ ਸਾਰੇ ਉੱਤਰਾਂ ਨੂੰ ਗੁਪਤ ਰੱਖਿਆ ਜਾਂਦਾ ਹੈ। ਇਹੋ ਕਨੂੰਨ ਹੈ।**

## ਮਰਦਮਸ਼ੁਮਾਰੀ ਦੇ 92 ਸਾਲਾਂ ਬਾਅਦ ਜ਼ਾਤੀ ਜਾਣਕਾਰੀ ਤੀਕ ਪਹੁੰਚ

ਪ੍ਰਸਨ 53 ਨਿਸਚਿਤ ਕਰਦਾ ਹੈ ਕਿ ਹਰ ਵਿਅਕਤੀ ਨੂੰ ਇੱਕ ਵਿਦਤ ਫ਼ੈਸਲਾ ਕਰਣ ਦਾ ਅਉਸਰ ਦਿੱਤਾ ਜਾਵੇ ਕਿ ਉਸ ਦੀ ਜ਼ਾਤੀ ਮਰਦਮਸ਼ੁਮਾਰੀ ਜਾਣਕਾਰੀ ਸੰਬੰਧਤ ਕੀ ਵਾਪਰਦਾ ਹੈ। ਕੇਵਲ ਤਦ ਹੀ ਜਦ ਕੋਈ ਉੱਤਰਦਾਇਕ ਇਸ ਪ੍ਰਸ਼ਨ ਦਾ ਉੱਤਰ ਹਾਂ ਵਿੱਚ ਦੇਂਦਾ ਹੈ ਉਸ ਦੀ 2006 ਮਰਦਮਸ਼ੁਮਾਰੀ ਜਾਣਕਾਰੀ 92 ਸਾਲਾਂ ਬਾਅਦ ਵਾਗੁਜ਼ਾਰ ਕੀਤੀ ਜਾਵੇਗੀ। ਮਰਦਮਸ਼ੁਮਾਰੀ ਜਾਣਕਾਰੀ ਦੀ ਵਾਗੁਜ਼ਾਰੀ ਪ੍ਰਤੀ ਮਨਜ਼ੂਰੀ ਭਵਿੱਖਤ ਪੀੜੀਆਂ ਨੂੰ 2006 ਵਿੱਚ ਕੈਨੇਡੀਅਨ ਸਮਾਜ ਨੂੰ ਚੰਗੀ ਤਰ੍ਹਾਂ ਸਮਝਣ ਲਈ ਅਨੁਮਤੀ ਦੇਂਦੀ ਹੈ।

ਜਦ ਇਸ ਪ੍ਰਸਨ ਦਾ ਉੱਤਰ ਦੇਣ ਲਗੋ, ਕਿਰਪਾ ਕਰਕੇ ਉੱਤਰ ਦੇਣ ਤੋਂ ਪਹਿਲਾਂ ਘਰਬਾਰ ਦੇ ਹਰ ਵਿਅਕਤੀ ਨਾਲ ਓਹਨਾਂ ਦੇ ਵਿਚਾਰ ਪ੍ਰਾਪਤ ਕਰਣ ਲਈ ਸਲਾਹ-ਮਸ਼ਵਰਾ ਕਰੋ। ਜੇਕਰ ਓਹਨਾਂ ਦੇ ਵਿਚਾਰਾਂ ਦਾ ਗਿਆਨ ਨਾ ਹੋਵੇ ਤਾਂ ਉਸ ਵਿਅਕਤੀ ਲਈ ਕੀਤਾ ਪ੍ਰਸ਼ਨ ਬਿਨ੍ਹਾਂ ਉੱਤਰ ਦਿੱਤੇ ਛੱਡ ਦਿੱਤਾ ਜਾਵੇ। ਮਾਪੇ ਅਤੇ ਕਨੂੰਨੀ ਰਖਵਾਲੇਆਂ ਨੂੰ ਬੱਚਿਆਂ ਵਲੋਂ ਉੱਤਰ ਦੇਣਾ ਚਾਹੀਦਾ ਹੈ।

ਉਸ ਸਿਥਿਤੀ ਵਿੱਚ ਜਦ ਕੋਈ ਵਿਅਕਤੀ ਆਪਣਾ ਉੱਤਰ ਬਦਲਣ ਦੀ ਇੱਛਾ ਕਰੇ ਜਾਂ ਬਿਨ੍ਹਾਂ ਉੱਤਰ ਦਿੱਤੇ ਪ੍ਰਸ਼ਨ ਲਈ ਕੋਈ ਉੱਤਰ ਪੁਚਾਉਣਾਂ ਚਾਹੇ ਤਾਂ ਲਿਖੋ: Coordinator, Access to Information and Privacy, Statistics Canada, 120 Parkdale Ave. Ottawa, ON, K1A 0T6

### ਕਦਮ ਕ: ਘਰ-ਘਾਟ

ਪ੍ਰਸ਼ਨ ਗ1 ਤੋਂ ਗ8 ਸਰਕਾਰੀ ਯੋਜਨਾ ਬਨਾਉਣ ਵਾਲਿਆਂ ਅਤੇ ਨਿਜੀ ਵਿਕਾਸਕਾਰਾਂ ਲਈ ਬਰਾਦਰਿਆਂ ਵਿੱਚ ਘਰ ਬਣਾਉਣ ਅਤੇ ਵਿਉਂਤ ਪੁੰਗਾਰਣ ਪ੍ਰਤੀ ਜਾਣਕਾਰੀ ਪੁਚਾਉਂਦੇ ਹਨ। ਇਹ ਜਾਣਕਾਰੀ *ਨੈਸ਼ਨਲ ਹਊਸਿੰਗ ਐਕਟ* ਅਤੇ *ਕੈਨੇਡਾ ਮੋਰਗੇਜ ਐਂਡ ਹਾਊਸਿੰਗ ਕਾਰਪੋਰੇਸ਼ਨ ਐਕਟ* ਅਧੀਨ ਚਲ ਰਹੇ ਕਈ ਪ੍ਰੋਗਰਾਮਾਂ ਪ੍ਰਤੀ ਸਹਾਇਤਾ ਕਰਦੀ ਹੈ।

ਘਰਾਂ ਵਿੱਚ ਕਮਰਿਆਂ ਅਤੇ ਸੌਣ ਕਮਰਿਆਂ ਦੀ ਗਿਣਤੀ, ਅਤੇ ਘਰਾਂ ਦੀ ਕੀਮਤ ਸੰਬੰਧੀ ਜਾਣਕਾਰੀ ਨੂੰ ਘਰਾਂ ਵਿੱਚ ਰਹਿੰਦੇ ਵਿਅਕਤਿਆਂ ਦੀ ਗਿਣਤੀ ਨਾਲ ਮਿਲਾ ਕੇ ਪਰਵਾਰਾਂ ਦੀ ਵੱਖ ਵੱਖ ਖੇਤਰਾਂ ਵਿੱਚ ਆਰਥਕ ਸਥਿਤੀ ਦਾ ਅੰਦਾਜ਼ਾ ਲਗਾਇਆ ਜਾਂਦਾ ਹੈ। ਸੂਬਾਈ ਅਤੇ ਨਗਰ ਸਰਕਾਰਾਂ ਇਸ ਜਾਣਕਾਰੀ ਦੇ ਸਹਾਰੇ ਘਰਾਂ ਵਿੱਚ ਜੀਆਂ ਦੀ ਬਹੁਤਾਤ ਸੰਬੰਧੀ ਗਿਆਨ ਹਾਸਲ ਕਰਕੇ ਯੋਗ ਘਰ ਬਣਾਉਣ ਲਈ ਪ੍ਰੋਗਰਾਮ ਪੁੰਗਾਰਦੀਆਂ ਹਨ।

ਘਰਾਂ ਦੀ ਉਮਰ ਅਤੇ ਓਹਨਾਂ ਦੀ ਮੁਰੰਮਤ ਦੀ ਜ਼ਰੂਰਤ ਸੰਬੰਧੀ ਜਾਣਕਾਰੀ ਦੀ ਵਰਤੋਂ ਮਿਊਨਿਸਪੈਲਟੀ ਦੁਆਰਾ ਗੁਆਂਢੀ ਸੁਧਾਰ ਪ੍ਰੋਗਰਾਮਾਂ ਨੂੰ ਪੁੰਗਾਰਣ ਪ੍ਰਤੀ ਹੁੰਦੀ ਹੈ।